ਦਲਿਤ ਭਾਈਚਾਰੇ ਦੇ ਮੈਂਬਰ ਆਕਾਸ਼ ਨੂੰ ਉਸ ਰੱਥ ਤੋਂ ਘਸੀਟ ਕੇ ਆਪਣੀ ਦੁਲਹਨ ਦੇ ਘਰ ਲੈ ਜਾ ਰਹੇ ਸਨ। ਜਾਟ ਭਾਈਚਾਰੇ ਦੇ ਲੋਕਾਂ ਦੇ ਇੱਕ ਸਮੂਹ ਦੁਆਰਾ ਵਿਆਹ ਦੇ ਕਈ ਮਹਿਮਾਨਾਂ ‘ਤੇ ਕਥਿਤ ਤੌਰ ‘ਤੇ ਹਮਲਾ ਕੀਤਾ ਗਿਆ ਸੀ ਕਿਉਂਕਿ ਦਲਿਤ ਭਾਈਚਾਰੇ ਦੇ ਮੈਂਬਰਾਂ ਨੇ ਵਿਆਹ ਦਾ ਜਲੂਸ ਕੱਢਿਆ ਸੀ।

ਉੱਤਰ ਪ੍ਰਦੇਸ਼ ਵਿੱਚ, ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਛੋਟੇ ਕਸਬਿਆਂ ਅਤੇ ਪਿੰਡਾਂ ਵਿੱਚ ਵਿਆਹ ਸਮਾਰੋਹਾਂ ਦਾ ਆਯੋਜਨ ਕਰਨ ਲਈ ਦਲਿਤ ਪਰਿਵਾਰਾਂ ਨੂੰ ਉੱਚ ਜਾਤੀ ਭਾਈਚਾਰਿਆਂ ਵੱਲੋਂ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ, 2022 ਵਿੱਚ ਰਾਜ ਵਿੱਚ ਅਨੁਸੂਚਿਤ ਜਾਤੀਆਂ ਵਿਰੁੱਧ ਅੱਤਿਆਚਾਰਾਂ ਦੇ 15,368 ਅਤੇ ਅਨੁਸੂਚਿਤ ਜਨਜਾਤੀਆਂ ਵਿਰੁੱਧ ਪੰਜ ਮਾਮਲੇ ਦਰਜ ਕੀਤੇ ਗਏ ਸਨ। ਜਸ਼ਨਾਂ ਦੌਰਾਨ ਦਲਿਤਾਂ ਵਿਰੁੱਧ ਅੱਤਿਆਚਾਰਾਂ ਦਾ ਕੋਈ ਵੱਖਰਾ ਡੇਟਾ ਨਹੀਂ ਹੈ।

ਹਾਲਾਂਕਿ, ਹਰ ਮਹੀਨੇ, ਰਾਜ ਵਿੱਚ ਦਲਿਤ ਵਿਆਹ ਦੇ ਜਲੂਸਾਂ ‘ਤੇ ਹਮਲੇ ਦੀਆਂ ਘਟਨਾਵਾਂ ਹੁੰਦੀਆਂ ਹਨ। 21 ਜੂਨ ਨੂੰ, 19 ਸਾਲਾ ਆਰਤੀ ਕੁਮਾਰੀ ਅਤੇ 21 ਸਾਲਾ ਵਿਕਾਸ ਸਿੰਘ, ਏਟਾ ਜ਼ਿਲ੍ਹੇ ਦੇ ਢੱਕਪੁਰਾ ਪਿੰਡ ਵਿੱਚ ਵਿਆਹ ਕਰਵਾ ਰਹੇ ਸਨ। ਜਦੋਂ ਉਨ੍ਹਾਂ ਦੀ ਬਾਰਾਤ ਇੱਕ ਰਾਜਪੂਤ-ਪ੍ਰਭਾਵਸ਼ਾਲੀ ਬਸਤੀ ਵਿੱਚ ਪਹੁੰਚੀ, ਤਾਂ ਉਨ੍ਹਾਂ ਨੂੰ ਕਥਿਤ ਤੌਰ ‘ਤੇ ਧਮਕੀਆਂ ਦਾ ਸਾਹਮਣਾ ਕਰਨਾ ਪਿਆ ਅਤੇ ਪੱਥਰ ਸੁੱਟੇ ਗਏ। ਵਿਆਹ ਅੰਤ ਵਿੱਚ ਪੁਲਿਸ ਸੁਰੱਖਿਆ ਹੇਠ ਹੋਇਆ।

## ਪੁਲਿਸ ਦੀ ਨਿਗਰਾਨੀ ਹੇਠ ਇੱਕ ‘ਬਿਦਾਈ’

ਭੂਰੇਕਾ ਵਿੱਚ, ਜਿੱਥੇ ਹਰੇ ਖੇਤਾਂ ਵਿੱਚ ਮਿੱਟੀ ਦੇ ਘਰ ਹਨ, ਲੋਕ ਮੁੱਖ ਤੌਰ ‘ਤੇ ਖੇਤੀ ਕਰਦੇ ਹਨ। ਯਮੁਨਾ ਐਕਸਪ੍ਰੈਸਵੇਅ ਦੇ ਬਿਲਕੁਲ ਨੇੜੇ ਸਥਿਤ ਹੋਣ ਦੇ ਬਾਵਜੂਦ - 165 ਕਿਲੋਮੀਟਰ, ਹਾਈ-ਸਪੀਡ ਸੜਕ ਜੋ ਨੋਇਡਾ ਨੂੰ ਆਗਰਾ ਨਾਲ ਜੋੜਦੀ ਹੈ - ਪਿੰਡ ਦੇ ਲੋਕਾਂ ਦੀ ਜ਼ਿੰਦਗੀ ਹੌਲੀ ਹੈ।



ਓਮ ਪ੍ਰਕਾਸ਼ ਰਾਮਪਾਲ ਦੇ ਪਰਿਵਾਰਕ ਮੈਂਬਰ, ਜਿਨ੍ਹਾਂ ਦੀਆਂ ਧੀਆਂ ਦੇ ਵਿਆਹ ਪੁਲਿਸ ਸੁਰੱਖਿਆ ਹੇਠ ਉੱਤਰ ਪ੍ਰਦੇਸ਼ ਦੇ ਅਮਰੋਹਾ ਜ਼ਿਲ੍ਹੇ ਦੇ ਰੇਹਦਰਾ ਪਿੰਡ ਵਿੱਚ ਹੋਏ ਸਨ।

ਦੇਵੀ ਦੇ ਕੱਚੇ ਬਣੇ ਘਰ ਦੇ ਅੰਦਰ, ਸਾਰੇ ਪਾਸਿਆਂ ਤੋਂ ਖੁੱਲ੍ਹਾ, ਆਦਮੀ ਗਰਮੀ ਦੀ ਲਹਿਰ ਬਾਰੇ ਚਰਚਾ ਕਰਦੇ ਹਨ। ਕਲਪਨਾ ਦਾ ਚਚੇਰਾ ਭਰਾ, 25 ਸਾਲਾ ਅਨਿਲ ਕੁਮਾਰ, ਵਿਆਹ ਵਾਲੇ ਦਿਨ ਦੇ ਵੀਡੀਓ ਦਿਖਾਉਂਦਾ ਹੈ। ਉਹ ਦੱਸਦਾ ਹੈ ਕਿ ਕਿਵੇਂ, 22 ਮਈ ਨੂੰ, ਗੁਆਂਢੀ ਪਿੰਡ ਵਿੱਚ ਜਾਟ ਭਾਈਚਾਰੇ ਦੇ ਲੋਕਾਂ ਦੇ ਇੱਕ ਸਮੂਹ ਨੇ ਵਿਆਹ ਦੇ ਜਲੂਸ ਵਿੱਚ ਵਿਘਨ ਪਾਇਆ। ਉਹ ਡੀਜੇ ਦੁਆਰਾ ਸੰਗੀਤ ਵਜਾਉਣ ਅਤੇ ਆਕਾਸ਼ ਦੁਆਰਾ ਰੱਥ ‘ਤੇ ਸਵਾਰ ਹੋਣ ਤੋਂ ਨਾਰਾਜ਼ ਸਨ, ਉਹ ਕਹਿੰਦਾ ਹੈ। “ਉਨ੍ਹਾਂ ਨੇ ਜਾਤੀਵਾਦੀ ਗਾਲ੍ਹਾਂ ਕੱਢੀਆਂ ਅਤੇ ਸਾਡੀਆਂ ਬਰਾਤੀਆਂ (ਲਾੜੇ ਦੇ ਜਲੂਸ ਦੇ ਮੈਂਬਰ) ‘ਤੇ ਹਮਲਾ ਕੀਤਾ। ਇਹ ਸ਼ਰਮਨਾਕ ਸੀ। ਅਸੀਂ ਸਾਰੇ ਵਿਆਹ ਲਈ ਬਹੁਤ ਉਤਸ਼ਾਹਿਤ ਸੀ। ਆਕਾਸ਼ ਦਾ ਪਰਿਵਾਰ ਅਲੀਗੜ੍ਹ ਤੋਂ ਆਇਆ ਸੀ। ਜਦੋਂ ਆਦਮੀਆਂ ਨੇ ਸਾਡੀਆਂ ਬਰਾਤੀਆਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਅਸੀਂ ਫ਼ੋਨ ਕੀਤਾ। ਜਦੋਂ ਪੁਲਿਸ ਕੁਝ ਕਿਲੋਮੀਟਰ ਦੂਰ ਵਿਆਹ ਹਾਲ ਵਿੱਚ ਪਹੁੰਚੀ, ਤਾਂ ਜੋੜੇ ਨੇ ਅੱਧੀ ਰਾਤ ਨੂੰ ਆਪਣੇ ਫੇਰੇ (ਅੱਗ ਦੇ ਦੁਆਲੇ ਸੱਤ ਚੱਕਰ) ਪੂਰੇ ਕੀਤੇ।

ਅਨਿਲ ਕਹਿੰਦਾ ਹੈ ਕਿ ਅਗਲੇ ਦਿਨ ਸਵੇਰੇ 8 ਵਜੇ, ਉਹੀ ਸਮੂਹ ਅਤੇ 20-25 ਹੋਰ, ਹਥਿਆਰਾਂ ਨਾਲ ਘਰ ਵਾਪਸ ਆਏ। ਉਨ੍ਹਾਂ ਨੇ ਬਰਾਤੀਆਂ ਦੇ ਕੱਪੜੇ ਪਾੜ ਦਿੱਤੇ, ਉਨ੍ਹਾਂ ਨੂੰ ਮਾਰਿਆ, ਅਤੇ ਤੰਬੂ ਅਤੇ ਆਸ ਪਾਸ ਦੀ ਹਰ ਚੀਜ਼ ਨੂੰ ਨੁਕਸਾਨ ਪਹੁੰਚਾਇਆ। ਉਨ੍ਹਾਂ ਨੇ ਜਾਤੀਵਾਦੀ ਗਾਲ੍ਹਾਂ ਕੱਢੀਆਂ ਅਤੇ ਔਰਤਾਂ ਅਤੇ ਬੱਚਿਆਂ ਦਾ ਅਪਮਾਨ ਕੀਤਾ, ਉਹ ਕਹਿੰਦਾ ਹੈ।

“ਅਸੀਂ ਉੱਥੇ ਬੈਠ ਕੇ ਆਪਣੇ ਮਹਿਮਾਨਾਂ ਦਾ ਅਪਮਾਨ ਹੁੰਦਾ ਨਹੀਂ ਦੇਖ ਸਕਦੇ ਸੀ, ਇਸ ਲਈ ਅਸੀਂ ਬਦਲਾ ਲਿਆ, ਅਤੇ ਸਾਡੇ ਵਿੱਚੋਂ ਬਹੁਤ ਸਾਰੇ, ਬਜ਼ੁਰਗਾਂ ਸਮੇਤ, ਜ਼ਖਮੀ ਹੋ ਗਏ। “ਸਾਡੇ ਰੰਗੇ ਹੋਏ ਪਜਾਮੇ ਦੇਖੋ,” ਉਹ ਘਟਨਾ ਦੀ ਇੱਕ ਵੀਡੀਓ ਵੱਲ ਇਸ਼ਾਰਾ ਕਰਦੇ ਹੋਏ ਕਹਿੰਦਾ ਹੈ। “ਇਹ ਬਿਲਕੁਲ ਨਵੇਂ ਸਨ, ਅਤੇ ਹੁਣ, ਇਹ ਇੱਕੋ ਇੱਕ ਯਾਦ ਹੈ ਜੋ ਸਾਡੇ ਕੋਲ ਹੈ।” ਅਨਿਲ ਦੂਰ ਦੇਖਦਾ ਹੈ ਜਦੋਂ ਪਰਿਵਾਰ ਦੇ ਹੋਰ ਮੈਂਬਰ ਆਪਣੇ ਜ਼ਖ਼ਮ ਦਿਖਾਉਂਦੇ ਹਨ।

ਨੌਝੀਲ ਪੁਲਿਸ ਸਟੇਸ਼ਨ ਵਿੱਚ 20-25 ਲੋਕਾਂ ਵਿਰੁੱਧ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕਥਾਮ) ਐਕਟ, 1989 ਦੀਆਂ ਧਾਰਾਵਾਂ ਤਹਿਤ ਦੰਗਾ ਕਰਨ, ਘਰ ਵਿੱਚ ਘੁਸਪੈਠ ਕਰਨ ਅਤੇ ਅਪਰਾਧਿਕ ਧਮਕੀ ਦੇਣ ਦੇ ਦੋਸ਼ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ।

ਸਰਕਲ ਅਫਸਰ (ਮੰਤ) ਗੁੰਜਨ ਸਿੰਘ ਦਾ ਕਹਿਣਾ ਹੈ ਕਿ ਘਟਨਾ ਦੇ ਸਬੰਧ ਵਿੱਚ ਪਿੰਡ ਦੇ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। “ਬਰਾਤ ਰੋਕਣ ਦਾ ਦੋਸ਼ ਝੂਠਾ ਹੈ। ਸਾਡੀ ਜਾਂਚ ਵਿੱਚ ਇਹ ਸਾਹਮਣੇ ਨਹੀਂ ਆਇਆ। ਬਹਿਸ ਸਿਰਫ ਇਸ ਲਈ ਹੋਈ ਕਿਉਂਕਿ ਡੀਜੇ ਰਾਤ ਨੂੰ ਉੱਚੀ ਆਵਾਜ਼ ਵਿੱਚ ਸੰਗੀਤ ਵਜਾਉਂਦਾ ਸੀ,” ਉਹ ਕਹਿੰਦਾ ਹੈ, ਅਤੇ ਇਹ ਵੀ ਕਿਹਾ ਕਿ ਸਿਰਫ ਤਿੰਨ ਵਿਅਕਤੀਆਂ ਨੇ ਆਵਾਜ਼ ਬੰਦ ਕਰਨ ਲਈ ਕਿਹਾ।

‘ਬਿਦਾਈ (ਦੁਲਹਨ ਨੂੰ ਦੇਣਾ)’ ਦੌਰਾਨ, ਕਲਪਨਾ ਦਾ ਪਰਿਵਾਰ ਪੁਲਿਸ ਸਟੇਸ਼ਨ ਵਿੱਚ ਸੀ, ਆਪਣੇ ਬਿਆਨ ਦੇਣ ਦੀ ਉਡੀਕ ਕਰ ਰਿਹਾ ਸੀ। “ਆਖਰੀ ਚੀਜ਼ ਜੋ ਮੈਂ ਆਪਣੀ ਧੀ ਨੂੰ ਦੇ ਸਕਦਾ ਸੀ ਉਹ ਸੀ ਸ਼ਾਂਤੀਪੂਰਨ ਅਲਵਿਦਾ; “ਇੱਥੋਂ ਤੱਕ ਕਿ ਇਸਦੀ ਵੀ ਇਜਾਜ਼ਤ ਨਹੀਂ ਸੀ,” ਦੇਵੀ ਅੱਗੇ ਕਹਿੰਦੀ ਹੈ।

ਕਲਪਨਾ ਨੇ 8ਵੀਂ ਜਮਾਤ ਤੱਕ ਪੜ੍ਹਾਈ ਕੀਤੀ; ਆਕਾਸ਼ ਤਰਖਾਣ ਦਾ ਕੰਮ ਕਰਦਾ ਹੈ। ਪਰਿਵਾਰ ਨੂੰ ਲੱਗਦਾ ਸੀ ਕਿ ਉਨ੍ਹਾਂ ਦੀ ਧੀ ਸ਼ਹਿਰ ਵਿੱਚ ਬਿਹਤਰ ਜ਼ਿੰਦਗੀ ਜੀਵੇਗੀ। ਪਿੰਡ ਦੀਆਂ ਬਹੁਤ ਸਾਰੀਆਂ ਨੌਜਵਾਨ ਔਰਤਾਂ ਇਸ ਉਮੀਦ ਵਿੱਚ ਵਿਆਹ ਕਰਦੀਆਂ ਹਨ। ਬਹੁਤਿਆਂ ਕੋਲ ਉੱਚ ਸਿੱਖਿਆ ਤੱਕ ਪਹੁੰਚ ਨਹੀਂ ਹੁੰਦੀ। ਇੱਕ ਵਿਆਹ ਜੋ ਔਰਤਾਂ ਨੂੰ ਸ਼ਹਿਰ ਲੈ ਜਾਵੇਗਾ।

ਕਹਾਣੀ ਐਥੇ ਹੀ ਬੰਦ ਨਹੀਂ ਹੁੰਦੀ। ਇਹ ਉਹ ਕਹਾਣੀ ਹੈ ਜਿਹੜੀ ਹਜਾਰਾਂ ਸਾਲਾਂ ਤੇ ਚਲਦੀ ਆ ਰਹੀ ਹੈ ਅਤੇ ਇਸ ਦੇ ਅੰਤ ਹੋਣ ਦਾ ਕਿਸੇ ਨੂੰ ਕੋਈ ਅੰਦਾਜਾ ਹੀ ਨਹੀਂ ਹੈ।

ਪਰ ਫੇਰ ਵੀ ਬਹੁਜਨ ਸਮਾਜ ਦੇ ਲੋਕ ਉਮੀਦ ਕਰਦੇ ਹਨ ਕਿ ਜਿਸ ਤਰਾਂ ਉਹਨਾਂ ਨੂੰ ਬਾਬਾ ਸਾਹਿਬ ਦੇ ਸੰਘਰਸ਼ ਕਾਰਨ ਉਹਨਾ ਨੂੰ ਅਛੂਤਤਾ ਤੋਂ ਛੁੱਟਕਾਰਾ ਮਿਲਿਆ, ਵਿਕਾਸ਼ ਕਰਨ ਦਾ ਰਾਹ ਖੁੱਲਿਆ ਅਤੇ ਸਾਹਿਬ ਕਾਂਸ਼ੀਰਾਮ ਦੇ ਸੰਘਰਸ਼ ਨਾਲ ਸੰਗਠਿਤ ਹੋ ਕੇ ਸੱਤਾ ਸ਼ਕਤੀ ਹਾਸਲ ਕਰਨ ਨਾਲ ਕੁਝ ਰਾਹਤ ਹੋਣ ਦੀ ਉਮੀਦ ਜਾਗੀ ਹੈ, ਉਹ ਇਸ ਦੌਰ ਦਾ ਵੀ ਅੰਤ ਜਰੂਰ ਹੋਵੇਗਾ ਭਾਰਤ ਸਮਾਨਤਾ ਦੇ ਆਦਆਰ ਨੂੰ ਮਜਬੂਤ ਕਰਦਾ ਹੋਇਆ ਵਿਕਾਸ਼ ਦੇ ਰਾਹ ਤੇ ਅੱਗੇ ਵਧੇਗਾ।

# ਨੌਵੀਂ ਜਮਾਤ ਦੀ ਵਿਦਿਆਰਥਣ ਅਗਮ ਪ੍ਰੀਤ ਕੌਰ ਦੀ ਪਹਿਲੀ ਕਿਤਾਬ “ਦੁਸ਼ਮਣਾਂ ਅਤੇ ਮਿੱਤਰਾਂ ਤੋਂ ਵੱਧ” ਲਾਂਚ ਕੀਤੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 29 ਜੂਨ INTERNATIONAL PAPER, 94636 01616 hardipchumber57@gmail.com




ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸੱਭਿਆਚਾਰ ਸੰਭਾਲ ਸੋਸਾਇਟੀ ਦੇ ਸ਼ਿਸ਼ਟਾਚਾਰ ਨਾਲ, ਪੰਜਾਬ ਦੀ ਸਭ ਤੋਂ ਛੋਟੀ ਉਮਰ ਦੀ ਲੇਖਿਕਾ, 15 ਸਾਲਾ ਅਗਮ ਪ੍ਰੀਤ ਕੌਰ, ਜੋ ਕਿ ਨੌਵੀਂ ਜਮਾਤ ਦੀ ਵਿਦਿਆਰਥਣ ਹੈ, ਦੁਆਰਾ ਲਿਖੀ ਗਈ ਕਿਤਾਬ ‘ਦੁਸ਼ਮਣਾਂ ਅਤੇ ਮਿੱਤਰਾਂ ਤੋਂ ਵੱਧ’ ਅੱਜ ਲਾਂਚ ਕੀਤੀ ਗਈ। ਪ੍ਰੋਗਰਾਮ ਵਿੱਚ, ਲਿਖਣ ਨਾਲ ਜੁੜੇ ਬੁੱਧੀਜੀਵੀਆਂ ਨੇ ਸਭ ਤੋਂ ਛੋਟੀ ਉਮਰ ਦੀ ਲੇਖਿਕਾ ਅਗਮ ਪ੍ਰੀਤ ਕੌਰ ਨੂੰ ਉਸਦੀ ਪਹਿਲੀ ਕਿਤਾਬ ਦੇ ਰਿਲੀਜ਼ ਹੋਣ ‘ਤੇ ਵਧਾਈ ਦਿੱਤੀ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਲਿਖਣਾ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਕਲਾ ਹੈ ਅਤੇ ਜਦੋਂ ਇੰਨੀ ਛੋਟੀ ਉਮਰ ਦੀ ਕੁੜੀ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਸੋਚ-ਸਮਝ ਕੇ ਆਪਣੇ ਸ਼ਬਦਾਂ ਵਿੱਚ ਬਿਆਨ ਕਰਦੀ ਹੈ, ਤਾਂ ਉਹ ਕਿਤਾਬ ਸਿਰਫ਼ ਇੱਕ ਕਿਤਾਬ ਨਹੀਂ ਰਹਿੰਦੀ ਸਗੋਂ ਗਿਆਨ ਦਾ ਭੰਡਾਰ ਬਣ ਜਾਂਦੀ ਹੈ ਕਿਉਂਕਿ ਇਸ ਵਿੱਚ ਲਿਖਿਆ ਹਰ ਸ਼ਬਦ ਇੱਕ ਪਵਿੱਤਰ ਆਤਮਾ ਦੁਆਰਾ ਆਪਣੀ ਕਲਮ ਨਾਲ ਲਿਖਿਆ ਜਾਂਦਾ ਹੈ। ਇਸ ਮੌਕੇ ਕਮੇਟੀ ਦੇ ਮੁਖੀ ਕਲਵਿੰਦਰ ਜੰਡਾ ਨੇ ਕਿਹਾ ਕਿ ਸਮਾਜ ਹਮੇਸ਼ਾ ਪ੍ਰਤਿਭਾਸ਼ਾਲੀ ਬੱਚਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਅਤੇ ਕਮੇਟੀ ਦੇ ਸਾਰੇ ਮੈਂਬਰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਆਉਣ ਵਾਲੀਆਂ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਵਿੱਚ ਸਹਿਯੋਗ ਕਰਨ ਲਈ ਤਿਆਰ ਹਨ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਮਾਜ ਸੇਵਕ ਡਾ. ਅਜੇ ਬੱਗਾ ਨੇ ਕਿਹਾ ਕਿ ਇਸ ਆਧੁਨਿਕ ਯੁੱਗ ਵਿੱਚ ਜਦੋਂ ਸੋਸ਼ਲ ਮੀਡੀਆ ਬੱਚਿਆਂ ਦੇ ਮਨਾਂ ‘ਤੇ ਬੁਰਾ ਪ੍ਰਭਾਵ ਪਾ ਰਿਹਾ ਹੈ, ਲੇਖਿਕਾ ਅਗਮ ਪ੍ਰੀਤ ਕੌਰ ਦੀ ਕਿਤਾਬ ਦੂਜੇ ਬੱਚਿਆਂ ਲਈ ਪ੍ਰੇਰਨਾ ਬਣ ਕੇ ਆਈ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪ੍ਰਤਿਭਾ ਨੂੰ ਪਛਾਣਨਾ ਚਾਹੀਦਾ ਹੈ ਅਤੇ ਇਸ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਪ੍ਰੋਗਰਾਮ ਵਿੱਚ, ਪ੍ਰਸਿੱਧ ਲੇਖਕ ਡਾ. ਧਰਮਪਾਲ ਸਾਹਿਲ, ਜਿਨ੍ਹਾਂ ਨੂੰ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ, ਨੇ ਕਿਹਾ ਕਿ ਜਦੋਂ ਕੋਈ ਕਿਤਾਬ ਲਿਖੀ ਜਾਂਦੀ ਹੈ, ਤਾਂ ਕੁਝ ਸਮੇਂ ਬਾਅਦ ਇਹ ਇਤਿਹਾਸ ਨਾਲ ਜੁੜ ਜਾਂਦੀ ਹੈ ਕਿਉਂਕਿ ਇਹ ਕਿਤਾਬ ਹਮੇਸ਼ਾ ਲਈ ਅਮਰ ਹੋ ਜਾਂਦੀ ਹੈ, ਇਸ ਲਈ ਲੇਖਕਾਂ ਨੂੰ ਆਪਣੀ ਸਮੱਗਰੀ ਵਿੱਚ ਸਿਰਫ਼ ਉਨ੍ਹਾਂ ਤੱਤਾਂ ਨੂੰ ਉਜਾਗਰ ਕਰਨਾ ਚਾਹੀਦਾ ਹੈ ਜੋ ਸੱਚਾਈ ਦੱਸਦੇ ਹਨ। ਲੇਖਕਾ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇੰਨੀ ਛੋਟੀ ਉਮਰ ਵਿੱਚ, ਲਿਖਣ ਦੀ ਕਲਾ ‘ਤੇ ਕੰਮ ਕਰਕੇ, ਉਨ੍ਹਾਂ ਨੇ ਸਮਾਜ ਲਈ ਇੱਕ ਸ਼ਾਨਦਾਰ ਕਿਤਾਬ ਲਿਖ ਕੇ ਆਪਣੀ ਪ੍ਰਤਿਭਾ ਨੂੰ ਸਾਬਤ ਕੀਤਾ ਹੈ। ਇਸ ਪ੍ਰੋਗਰਾਮ ਨੂੰ ਪ੍ਰਸਿੱਧ ਸਮਾਜ ਸੇਵਕ ਸੰਜੀਵ ਤਲਵਾੜ, ਪ੍ਰੋਫੈਸਰ ਇੰਦਰਜੀਤ ਅਤੇ ਪ੍ਰਿੰਸੀਪਲ ਨੇ ਵੀ ਸੰਬੋਧਨ ਕੀਤਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 29 ਜੂਨ
INTERNATIONAL PAPER, 9463601616
hardipchumber57@gmail.com

# ਅਣਖ ਦੇ ਰਾਖੇ ਪੈਦਾ ਕਰੋ --ਕਾਂਸ਼ੀ ਰਾਮ

ਲਾਲ ਸਿੰਘ ਸੁਲਹਾਣੀ
9872155120



ਬਹੁਜਨ ਸਮਾਜ ਪਾਰਟੀ ਦੇ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੀ ਬਦੌਲਤ ਵੱਖ-ਵੱਖ ਜਾਤੀ ਟੁਕੜਿਆਂ 'ਚ ਵੰਡਿਆ ਤੇ ਤੋੜਿਆ ਗਿਆ ਸਮਾਜ ਜੁੜਨ ਲੱਗ ਗਿਆ ਸੀ। ਪੱਛੜੀਆਂ ਸ਼੍ਰੇਣੀਆਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਲੱਗ ਪਈਆਂ ਸਨ। ਧਾਰਮਿਕ ਘੱਟ ਗਿਣਤੀਆਂ ਵਿਰੁੱਧ ਦੰਗਿਆਂ ਨੂੰ ਨਾ ਸਿਰਫ ਠੱਲ੍ਹ ਪੈਣ ਲੱਗ ਗਈ ਸਗੋਂ ਉਹ ਹਿੰਦੁਤਵੀ ਧੌਂਸ ਤੋਂ ਮੁਕਤ ਹੋਣ ਲਈ ਅੰਗੜਾਈਆਂ ਲੈਣ ਲੱਗ ਪਈਆਂ ਸਨ। ਸਾਹਿਬ ਕਾਂਸ਼ੀ ਰਾਮ ਦੀ ਲਹਿਰ ਬ੍ਰਾਹਮਣਵਾਦ ਲਈ ਦਿਨੋਂ ਦਿਨ ਖ਼ਤਰਾ ਬਣਦੀ ਜਾ ਰਹੀ ਸੀ। ਉਸ ਸਮੇਂ ਆਪਣੀ ਹੋਂਦ ਖ਼ਤਰੇ ਵਿਚ ਭਾਂਪ ਕੇ ਆਰ ਐੱਸ ਐਸ ਵਲੋਂ ਆਪਣੇ ਕਾਰਜਕਰਤਾਵਾਂ ਨੂੰ ਗੁਪਤ ਪੱਤਰਾਂ ਰਾਹੀਂ ਆਗਾਹ ਕਰਨ ਦੇ ਯਤਨ ਅਰੰਭ ਦਿੱਤੇ ਗਏ। ਆਪਣੀ ਹੋਂਦ ਲਈ ਖ਼ਤਰੇ ਦਾ ਖਦਸ਼ਾ ਜ਼ਾਹਰ ਕਰਦਿਆਂ ਆਪਣੇ ਕੇਡਰ ਨੂੰ ਆਪਣੇ ਬਚਾਅ ਖਾਤਰ ਆਖ਼ਰੀ ਲੜਾਈ ਲੜਨ ਲਈ ਸਭ ਕੁੱਝ ਦਾਅ ਤੇ ਲਗਾਉਣ ਲਈ ਵੰਗਾਰਿਆ ਗਿਆ ਤੇ ਹਿੰਦੂ ਔਰਤਾਂ ਨੂੰ ਵੀ ਹਰ ਕੁਰਬਾਨੀ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਗਿਆ ਕਿਉਂ ਕਿ ਬਸਪਾ ਸੁਪ੍ਰੀਮੋ ਐਲਾਨੀਆਂ ਕਿਹਾ ਕਰਦੇ ਸਨ "ਉਹਨਾਂ ਦੇ ਜੀਵਨ ਦਾ ਇਕੋ-ਇਕ ਨਿਸ਼ਾਨਾ ਬ੍ਰਾਹਮਣਵਾਦ ਨੂੰ ਕਿਨਾਰੇ ਲਗਾ ਕੇ ਮਾਨਵਤਾ ਦਾ ਬੋਲਬਾਲਾ ਕਰਨਾ ਹੈ।" ਜਿਸ ਨੂੰ ਪੰਥਕ ਮੁਹਾਵਰੇ ਮੁਤਾਬਕ ਖਾਲਸੇ ਦੇ ਬੋਲਬਾਲੇ ਕਿਹਾ ਜਾਂਦਾ ਹੈ। ਇਸ ਲਈ ਹਿੰਦੁਤਵੀ ਤਾਕਤਾਂ ਸਾਹਿਬ ਕਾਂਸ਼ੀ ਰਾਮ ਦੇ ਸ਼ਾਂਤਮਈ ਦੇਸ਼ ਵਿਆਪੀ ਅੰਦੋਲਨ ਤੋਂ ਪੂਰੀ ਤਰ੍ਹਾਂ ਭੈਅ ਭੀਤ ਸਨ। ਉਹਨਾਂ ਦੇ ਕਾਂਸ਼ੀ ਰਾਮ ਨੂੰ ਡਰਾਉਣ, ਝੁਕਾਉਣ ਜਾਂ ਖਰੀਦਣ ਦੇ ਸੱਭ ਮਨਸੂਬੇ ਨਾਕਾਮ ਹੋ ਚੁੱਕੇ ਸਨ। ਕੇਂਦਰ ਵਿਚ ਰਾਜਸੀ ਸਮੀਕਰਨ ਵਿਗੜ ਚੁੱਕੇ ਸਨ। ਪਾਰਟੀਆਂ ਅੰਦਰ ਨਵੇਂ ਸਿਰੇ ਤੋਂ ਧਰੁਵੀਕਰਨ ਹੋ ਰਿਹਾ ਸੀ। ਸਾਹਿਬ ਕਾਂਸ਼ੀ ਰਾਮ ਦੀ ਦੂਰ ਦਰਸ਼ੀ ਰਾਜਸੀ ਸੂਝ-ਬੂਝ ਸਦਕਾ ਸਿਆਸੀ ਪੰਡਤਾਂ ਦੀਆਂ ਗਿਣਤੀਆਂ ਮਿਣਤੀਆਂ ਵਿਗੜ ਗਈਆਂ ਸਨ। ਇਕੋ ਪਾਰਟੀ ਦੀ ਮਜ਼ਬੂਤ ਸਰਕਾਰ ਬਣਨ ਦੇ ਦਿਨ ਲੱਦ ਚੁੱਕੇ ਹਨ। ਵਣ ਵਣ ਦੀ ਲੱਕੜੀ ਜੋੜ ਕੇ ਬਣੀਆਂ ਮਜ਼ਬੂਰ ਸਰਕਾਰਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਬੇਵਿਸ਼ਵਾਸੀ ਦੇ ਐਸੇ ਮਹੌਲ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਕੇਂਦਰ ਤੋਂ ਪੰਜਾਬ ਅਤੇ ਪੰਥਕ ਹਿਤਾਂ ਲਈ ਬਹੁਤ ਕੁੱਝ ਪ੍ਰਾਪਤ ਕਰਨ ਦੀ ਸਥਿਤੀ ਵਿਚ ਆ ਗਿਆ ਸੀ ਜੇਕਰ ਅਕਾਲੀ ਦਲ ਦੀ ਲੀਡਰਸ਼ਿਪ ਦੂਰ-ਅੰਦੇਸ਼ੀ ਸੋਚ ਅਪਨਾ ਕੇ ਪੰਜਾਬ ਦੇ ਜੰਮਪਲ ਤੇ ਸਿੱਖ ਹਿਤੈਸ਼ੀ ਮਜ਼ਬੂਤ ਇਰਾਦੇ ਵਾਲੇ ਬਸਪਾ ਮੁਖੀ ਨਾਲ ਡਟ ਕੇ ਖੜ੍ਹੀ ਰਹਿੰਦੀ ਤਾਂ ਦੇਸ਼ ਦਾ ਸਿਆਸੀ ਵਾਤਾਵਰਨ ਬਿਲਕੁੱਲ ਹੋਰ ਹੋਣਾ ਸੀ। ਐਸੇ ਮਹੌਲ ਵਿਚ ਜਿਥੇ ਸਿੱਖ, ਸਿੱਖੀ ਅਤੇ ਪੰਥਕ ਸੋਚ ਦੇ ਉਭਾਰ ਦੀਆਂ ਪ੍ਰਬਲ ਸੰਭਾਵਨਾਵਾਂ ਕਿਆਸੀਆਂ ਜਾ ਰਹੀਆਂ ਸਨ ਉਥੇ ਆਰ ਐੱਸ ਐੱਸ ਤੇ ਹਿੰਦੁਤਵੀ ਸ਼ਕਤੀਆਂ ਦੇ ਬੇਖੌਫ਼ ਆਪਣਾ ਫੰਨ ਚੁੱਕਣ ਤੇ ਆਪਣਾ ਲੁਕਵਾਂ ਏਜੰਡਾ ਐਲਾਨੀਆਂ ਲਾਗੂ ਕਰਨ ਦਾ ਹੌਸਲਾ ਨਹੀਂ ਕਰ ਸਕਦੀਆਂ ਸਨ। ਪਰ ਪੰਜਾਬ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਮੁੱਦਿਆਂ ਨੂੰ ਭੁੱਲ ਭੁਲਾ ਕੇ, ਪੰਥਕ ਹਿਤਾਂ ਤੇ ਸਿੱਖ ਸਿਧਾਂਤਾਂ ਦੀ ਅਣਦੇਖੀ ਕਰਕੇ ਬਾਦਲਕਿਆਂ ਨੇ ਆਪਣੇ ਸੌੜੇ ਵਕਤੀ ਹਿਤਾਂ ਤੇ ਸਿਆਸੀ ਲਾਭਾਂ ਲਈ ਬਿਨਾਂ ਸ਼ਰਤ ਭਾਰਤੀ ਜਨਤਾ ਪਾਰਟੀ ਅੱਗੇ ਆਪਣੇ ਗੋਡੇ ਟੇਕ ਦਿੱਤੇ। ਬਾਦਲਕਿਆਂ ਦੇ ਇਸ ਫੈਸਲੇ ਨਾਲ ਪੰਥਕ ਹਲਕੇ ਭੌਂਚੱਕੇ ਰਹਿ ਗਏ। ਖੇਤਰੀ ਪਾਰਟੀਆਂ ਦਾ ਮੁਹਰੈਲ, ਸੂਬਿਆਂ ਦੇ ਵੱਧ ਅਧਿਕਾਰਾ ਲਈ ਲੜਨ ਵਾਲਾ ਅਤੇ ਫੈਡਰਲ ਢਾਂਚੇ ਦਾ ਮੁਦੱਈ ਬਾਦਲ ਆਰ ਐਸ ਐੱਸ ਦਾ ਹੱਥ ਠੋਕਾ ਬਣ ਗਿਆ।

ਬਸਪਾ ਮੁਖੀ ਸਾਹਿਬ ਕਾਂਸ਼ੀ ਰਾਮ ਨੇ ਸਿੱਖਾਂ ਵਿਚੋਂ ਹੋਰ ਪੰਥਕ ਹਿਤੈਸ਼ੀ ਧਿਰਾਂ ਦੀ ਭਾਲ ਜਾਰੀ ਰੱਖੀ। ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ, ਪ੍ਰੋਫੈਸਰ ਦਰਸ਼ਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸੰਤ ਬਾਬਾ ਅਜੀਤ ਸਿੰਘ ਪਰਿਵਾਰ ਵਿਛੋੜਾ ਵਾਲੇ, ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਪੰਥਕ ਕਹਾਉਂਦੇ ਖਿੰਡੇ ਪੁੰਡੇ ਗੁੱਟਾਂ ਨੂੰ ਇਕੱਠਾ ਕਰਕੇ ਪੰਥਕ ਮੋਰਚਾ ਉਸਾਰਨ ਲਈ ਯਤਨ ਆਰੰਭਿਆ ਗਿਆ। ਇਕ ਸਾਂਝਾ ਮੁਹਾਜ਼ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਲਈ ਰੱਸੇ ਪੈੜੇ ਵਟਣੇ ਸ਼ੁਰੂ ਕਰ ਦਿੱਤੇ ਗਏ। ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ (ਅੰਮ੍ਰਿਤਸਰ) ਵੀ ਇਸ ਮੋਰਚੇ ਵਿਚ ਸ਼ਾਮਿਲ ਹੋਣ ਲਈ ਰਜ਼ਾਮੰਦ ਹੋ ਗਿਆ। ਸੰਘ ਪਰਿਵਾਰ ਨਾਲ ਬਾਦਲਕਿਆਂ ਦੀ ਸਾਂਝ ਭਿਆਲੀ ਤੋਂ ਔਖੇ ਪੰਥਕ ਹਿਤੈਸ਼ੀਆਂ ਵਲੋਂ ਨਵੇਂ ਉਸਰ ਰਹੇ ਗਠਜੋੜ ਨੂੰ ਭਰਵਾਂ ਹੁੰਗਾਰਾ ਮਿਲਣ ਲੱਗਾ। ਸਾਂਝੇ ਮੁਹਾਜ਼ ਵਲੋਂ ਸ਼੍ਰੋਮਣੀ ਕਮੇਟੀ ਹਲਕਿਆਂ ਅਤੇ ਸੀਟਾਂ ਦੀ ਵੰਡ ਵੰਡਾਈ ਦਾ ਕੰਮ ਸੁਹਿਰਦਤਾ ਨਾਲ ਨੇਪਰੇ ਚਾੜ੍ਹ ਲਿਆ ਗਿਆ। ਐਨ ਮੌਕੇ ਤੇ ਸਿਮਰਨਜੀਤ ਸਿੰਘ ਮਾਨ ਵਲੋਂ ਬਸਪਾ ਤੇ ਪੰਥਕ ਮੋਰਚੇ ਦੀਆਂ ਦੂਜੀਆਂ ਧਿਰਾਂ ਦੇ ਹਿੱਸੇ ਆਈਆਂ ਸੀਟਾਂ ਤੇ ਵੀ ਮਾਨ ਦਲ ਦੇ ਉਮੀਦਵਾਰਾਂ ਦੇ ਕਾਗਜ਼ ਦਾਖਲ ਕਰਵਾ ਦਿੱਤੇ ਗਏ। ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸੰਤ ਬਾਬਾ ਅਜੀਤ ਸਿੰਘ ਪ੍ਰਧਾਨ ਪੰਥਕ ਮੋਰਚਾ ਤੇ ਮੈਂ ਕਈ ਦਿਨ ਸਿਮਰਨਜੀਤ ਸਿੰਘ ਮਾਨ ਨੂੰ ਪੰਥਕ ਮੁਹਾਜ਼ ਨੂੰ ਤਾਰਪੀਡੋ ਕਰਨ ਵਾਲੇ ਉਹਦੇ ਉਮੀਦਵਾਰ ਵਾਪਸ ਲੈਣ ਲਈ ਜ਼ੋਰ ਪਾਉਂਦੇ ਰਹੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਮਾਨ ਦੀ ਇਸ ਸਿਆਸੀ ਬੇਈਮਾਨੀ ਕਾਰਨ ਪੰਥਕ ਮੋਰਚਾ ਮਿੱਥੇ ਗਏ ਸਾਰਥਕ ਨਤੀਜੇ ਕੱਢਣ ਤੋਂ ਖੁੰਝ ਗਿਆ। ਜਿਸ ਦਾ ਸਿੱਧਾ ਲਾਭ ਸੰਘ ਪਰਿਵਾਰ ਪੱਖੀ ਬਾਦਲਕਿਆਂ ਨੂੰ ਹੋਇਆ। ਯਾਨੀ ਮਾਨ ਅਸਿੱਧੇ ਢੰਗ ਨਾਲ ਬਾਦਲਕਿਆਂ ਦਾ ਰਾਹ ਮੋਕਲਾ ਕਰਨ ਦਾ ਸਬੱਬ ਬਣ ਗਿਆ।

ਆਪਣੇ ਮਾਲਕਾਂ ਦੀ ਖੁਸ਼ਨੂਦੀ ਹਾਸਲ ਕਰਨ ਲਈ 1996 ਵਿਚ ਮੋਗਾ ਵਿਖੇ ਵਿਸ਼ਾਲ ਰੈਲੀ 'ਚ ਬਾਦਲਕਿਆਂ ਵਲੋਂ ਸ਼੍ਰੋਮਣੀ ਅਕਾਲੀ ਦਲ ਦਾ ਪੰਥਕ ਸਰੂਪ ਬਦਲ ਕੇ ਪੰਜਾਬੀ ਪਾਰਟੀ ਹੋਣ ਦਾ ਐਲਾਨ ਕਰ ਦਿੱਤਾ ਗਿਆ। ਜਿਸ ਨਾਲ ਅਕਾਲੀ ਦਲ ਦੀ ਪੰਥਕ ਰੂਹ ਖੁਰਨੀ ਸ਼ੁਰੂ ਹੋ ਗਈ।



ਫਰਵਰੀ 1992 ਦੀਆਂ ਪੰਜਾਬ ਦੀਆਂ ਚੋਣਾਂ ਸਮੇਂ ਬਸਪਾ ਦੇ ਵੀ ਨੌਂ ਵਿਧਾਇਕ ਤੇ ਇਕ ਸਾਂਸਦ ਜਿੱਤ ਗਏ ਸਨ। ਜਿਹੜੇ ਸਰਕਾਰੀ ਸਹੂਲਤਾਂ ਤੇ ਗੱਡੀਆਂ ਦੇ ਹੱਕਦਾਰ ਬਣ ਗਏ ਸਨ। ਸਾਹਿਬ ਕਾਂਸ਼ੀ ਰਾਮ ਉਹਨਾਂ ਤੋਂ ਉਮੀਦ ਕਰਦੇ ਸਨ ਕਿ ਉਹ ਇਨ੍ਹਾਂ ਸਹੂਲਤਾਂ ਦਾ ਇਸਤੇਮਾਲ ਕਰਕੇ ਬਹੁਜਨ ਸਮਾਜ ਬਨਾਉਣ ਲਈ ਯੋਗਦਾਨ ਪਾਉਂਦੇ ਤਾਂ ਕਿ ਸਦੀਆਂ ਤੋਂ ਗੁਲਾਮੀ ਦੀ ਚੱਕੀ 'ਚ ਪਿਸ ਰਿਹਾ ਦਲਿਤ ਸ਼ੋਸ਼ਿਤ ਸਮਾਜ ਸਵੈਮਾਣ ਤੇ ਅਣਖ ਨਾਲ ਜੀਵਨ ਜਿਉਣ ਦੇ ਸਮਰੱਥ ਹੋ ਸਕੇ। ਪਰ ਭੁੱਖੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ ਦੀ ਕਹਾਵਤ ਅਨੁਸਾਰ ਨਵੇਂ ਬਣੇ ਬਸਪਾ ਵਿਧਾਇਕਾਂ ਵਿਚੋਂ ਕਈ ਕੁਰਸੀ ਗਰਮ ਕਰਨ ਦੇ ਨਾਲ-ਨਾਲ ਐਸ਼ੋ ਇਸ਼ਰਤ ਵਿਚ ਗ੍ਰਸਤ ਹੋ ਗਏ। ਜੋ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਵਿਸਾਰ ਕੇ ਰੰਗੀਨ ਮਿਜ਼ਾਜ ਜ਼ਿੰਦਗੀ ਜਿਊਣ ਲੱਗ ਪਏ। ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਉਹਨਾਂ ਦੀ ਢਿੱਲੀ ਮੱਠੀ ਕਾਰਗੁਜ਼ਾਰੀ ਤੋਂ ਬੇਹੱਦ ਨਿਰਾਸ਼ ਸਨ। ਉਹ ਉਹਨਾਂ 'ਚੋਂ ਕਈਆਂ ਨੂੰ ਮੁਸ਼ਟੰਡੇ ਵਰਗੇ ਲਕਬ ਨਾਲ ਨਿਵਾਜ਼ਦੇ ਰਹੇ।

19 ਫਰਵਰੀ 1997 ਤੋਂ ਪਹਿਲਾਂ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ ਤੇ ਸਨ ਪਰ ਬਸਪਾ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਪਛੜ ਗਈ ਜਾਪਦੀ ਸੀ। ਸ਼ਾਹਿਬ ਕਾਂਸ਼ੀ ਰਾਮ ਗਾਹੇ -ਬ- ਗਾਹੇ ਪੰਜਾਬ ਇਕਾਈ ਨੂੰ ਦਰੁਸਤ ਕਰਨ ਲਈ ਆਪਣੇ ਕੀਮਤੀ ਵਕਤ ਚੋਂ ਵਕਤ ਕੱਢ ਕੇ ਪਹਿਲਾਂ ਵੀ ਯਤਨ ਕਰਦੇ ਰਹਿੰਦੇ ਸਨ। ਚੋਣਾਂ ਤੋਂ ਪਹਿਲਾਂ ਉਹਨਾਂ ਨੇ ਪੰਜਾਬ ਦੀ ਕਮਾਂਡ ਖੁਦ ਸੰਭਾਲ ਲਈ ਅਤੇ 21 ਨਵੰਬਰ ਤੋਂ ਹੈਲੀਕਾਪਟਰ ਰਾਹੀਂ ਪੰਜਾਬ ਦੇ ਸਾਰੇ 117 ਹਲਕਿਆਂ 'ਚ ਪਹੁੰਚਣ ਲਈ ਟੀਚਾ ਮਿੱਥ ਕੇ 13 ਦਿਨਾਂ ਦਾ ਪ੍ਰੋਗਰਾਮ ਉਲੀਕ ਲਿਆ। ਉਹ ਹਰ ਰੋਜ਼ ਨੌਂ ਵਿਧਾਨ ਸਭਾ ਹਲਕਿਆਂ 'ਚ ਪਹੁੰਚ ਕੇ ਦਲਿਤ ਸ਼ੋਸ਼ਿਤ ਸਮਾਜ ਦੀ ਅਣਖ ਨੂੰ ਟੁੰਬਦੇ। ਉਹਨਾਂ ਨੂੰ ਸਵੈਮਾਣ ਨਾਲ ਜਿਉਣ ਵਾਸਤੇ ਪ੍ਰੇਰਨਾ ਦਿੰਦੇ ਅਤੇ ਹੁਕਮਰਾਨ ਬਨਣ ਲਈ ਰਜ਼ਾਮੰਦ ਕਰਨ ਦਾ ਯਤਨ ਕਰਦੇ। ਫਰੀਦਕੋਟ ਤੇ ਫਿਰੋਜ਼ਪੁਰ ਲੋਕ ਸਭਾ ਹਲਕਿਆਂ ਵਿਚ ਆਉਂਦੀਆਂ ਕੁਝ ਅਸੈਂਬਲੀ ਸੀਟਾਂ ਤੇ ਸਾਹਿਬ ਦੀਆਂ ਰੈਲੀਆਂ ਵਿਚ ਪਹੁੰਚਣ ਲਈ ਮੈਂ ਆਪਣੇ ਇਕ ਮਿਸ਼ਨਰੀ ਮਿੱਤਰ ਬਲਵਿੰਦਰ ਸਿੰਘ ਘਾਲੀ ਰਾਹੀਂ ਵਧੀਆ ਗੱਡੀ ਦਾ ਬੰਦੋਬਸਤ ਕਰ ਲਿਆ ਸੀ। ਸਾਹਿਬ ਕਾਂਸ਼ੀ ਰਾਮ ਦਾ ਭਾਸ਼ਨ ਖ਼ਤਮ ਹੁੰਦਿਆਂ ਹੀ ਮੈਂ ਤੇਜ਼ੀ ਨਾਲ ਅਗਲੇ ਪ੍ਰੋਗਰਾਮ ਲਈ ਰਵਾਨਾ ਹੋ ਜਾਂਦਾ, ਉਹਨਾਂ ਤੋਂ ਪਹਿਲਾਂ ਰੈਲੀ ਵਾਲੀ ਥਾਂ 'ਤੇ ਪੁੱਜ ਜਾਂਦਾ ਸੀ। ਉਹਨਾਂ ਦੇ ਆਦੇਸ਼ ਅਨੁਸਾਰ ਹੈਲੀਕਾਪਟਰ ਲਈ ਹੈਲੀਪੈਡ ਜਿਥੋਂ ਤੀਕ ਸੰਭਵ ਹੋ ਸਕਦਾ ਪੰਡਾਲ ਦੇ ਨੇੜੇ ਤੋਂ ਨੇੜੇ ਬਣਾਇਆ ਜਾਂਦਾ ਸੀ। ਇਸ ਨਾਲ ਜਿੱਥੇ ਸਮੇਂ ਦੀ ਬਚਤ ਹੋ ਜਾਂਦੀ ਸੀ ਉਥੇ ਸਦੀਆਂ ਤੋਂ ਦਬਾਏ ਗਏ ਸਮਾਜ ਦੇ ਥੁੜ੍ਹਾਂ ਮਾਰੇ ਲੋਕ ਉਡਣ ਖਟੋਲੇ ਰਾਹੀਂ ਆਪਣੇ ਮਸੀਹਾ ਨੂੰ ਅਕਾਸ਼ੋਂ ਉਤਰਦਾ ਦੇਖ ਕੇ ਖੁਸ਼ੀ 'ਚ ਖੀਵੇ ਹੋ ਉਠਦੇ। ਉਸ ਮੌਕੇ ਦਲਿਤਾਂ ਸ਼ੋਸ਼ਿਤਾਂ ਦੇ ਚਿਹਰਿਆਂ ਦਾ ਜਲੌਅ ਵੇਖਣ ਵਾਲਾ ਹੁੰਦਾ ਸੀ। ਜੋਸ਼ ਵਿਚ ਆਕੇ ਉਹ ਨਾਅਰਿਆਂ ਨਾਲ ਆਕਾਸ਼ ਗੂੰਜਣ ਲਾ ਦਿੰਦੇ।

ਲੜੀਵਾਰ ਪ੍ਰੋਗਰਾਮਾਂ ਦੇ ਨੌਂਵੇਂ ਦਿਨ 29 ਨਵੰਬਰ ਨੂੰ ਧਰਮਕੋਟ ਹਲਕੇ ਦੀ ਆਖਰੀ ਰੈਲੀ ਨੂੰ ਸੰਬੋਧਨ ਕਰਦਿਆਂ ਬੜੀ ਸੋਜ਼ ਭਰੀ ਆਵਾਜ਼ ਵਿਚ ਸਾਹਿਬ ਨੇ ਆਖਿਆ ਸਾਥੀਓ! 19 ਫਰਵਰੀ ਤੋਂ ਪਹਿਲਾਂ ਪਹਿਲਾਂ ਪੰਜਾਬ 'ਚ ਨਵੀਂ ਸਰਕਾਰ ਚੁਣਨ ਵਾਸਤੇ ਚੋਣ ਹੋਵੇਗੀ। ਇਸ ਚੋਣ ਨੂੰ ਮੁੱਖ ਰੱਖਕੇ ਦਬੇ ਕੁਚਲੇ ਲੋਕਾਂ ਵਾਸਤੇ ਸੋਚਣ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਪੰਜਾਬ ਦੇ ਜਿਹਨਾਂ ਲੋਕਾਂ 'ਚ ਮੈਂ ਪੈਦਾ ਹੋਇਆ ਹਾਂ ਉਹ ਬੈਗੈਰਤ ਲੋਕ ਹਨ ਅੱਜ ਵੀ ਆਪਣੇ ਵਿਚ ਗ਼ੈਰਤ ਪੈਦਾ ਨਹੀਂ ਕਰ ਸਕੇ। ਨਿਮਾਣੇ ਲੋਕ ਆਪਣੇ ਵਿਚ ਮਾਣ ਸਨਮਾਨ ਨਾਲ ਜਿਉਣ ਲਈ ਮਹੌਲ ਪੈਦਾ ਨਹੀਂ ਕਰ ਸਕੇ। ਇਸ ਦੇਸ਼ ਦੀ ਸਮਾਜ ਵਿਵਸਥਾ ਉਹਨਾਂ ਨੂੰ ਮਾਨ ਸਨਮਾਨ ਨਾਲ ਨਾ ਜਿਉਣ ਦਾ ਬੰਦੋਬਸਤ ਕਰ ਚੁਕੀ ਹੈ ਉਸ ਵਿਵਸਥਾ ਦਾ ਮੁਕਾਬਲਾ ਕਰਕੇ ਉਹ ਮਾਨ ਸਨਮਾਨ ਨਾਲ ਜਿਉਣ ਲਈ ਆਪਣੇ ਆਪ ਨੂੰ ਤਿਆਰ ਕਰ ਸਕਣ ਇਸ ਤਰ੍ਹਾਂ ਦਾ ਕੰਮ ਅਜ ਤਕ ਨਹੀਂ ਹੋਇਆ ਇਹ ਕੰਮ ਓਹੀ ਲੋਕ ਕਰ ਸਕਦੇ ਹਨ ਜਿਨ੍ਹਾਂ ਵਿਚ ਕੋਈ ਅਣਖ ਹੋਵੇ। ਜਦੋਂ ਉਹਨਾਂ ਦੀ ਅਣਖ ਨੂੰ ਲਲਕਾਰਿਆ ਜਾਵੇ ਤਾਂ ਉਹ ਉਠ ਕੇ ਖੜ੍ਹੇ ਹੋਣ ਤੇ ਦੂਜੇ ਲੋਕਾਂ ਨੂੰ ਤਿਆਰ ਕਰਕੇ ਅਜਿਹਾ ਪ੍ਰਬੰਧ ਕਰਨ ਕੇ ਸਾਰਾ ਸਮਾਜ ਅਣਖ ਦੀ ਜ਼ਿੰਦਗੀ ਜਿਉਂ ਸਕੇ। ਪਰ ਅੱਜ ਤੱਕ ਅਜਿਹੀ ਤਿਆਰੀ ਨਹੀਂ ਹੋ ਸਕੀ। 15 ਕੁ ਸਾਲਾਂ ਤੋਂ ਮੈਂ ਕੋਸ਼ਿਸ਼ ਕਰਦਾ ਆ ਰਿਹਾ ਹਾਂ ਕੁਝ ਸਾਥੀਆਂ ਨੂੰ ਤਿਆਰ ਕਰਕੇ ਕੁਰਸੀਆਂ ਤੇ ਬਿਠਾਇਆ। ਪੰਜ ਸਾਲ ਪਹਿਲਾਂ ਹੋਈ ਚੋਣ ਚ ਸਾਡਾ ਪੰਜਾਬ ਦਾ ਪ੍ਰਧਾਨ ਮੈਂਬਰ ਪਾਰਲੀਮੈਂਟ ਬਣਿਆਂ ਤੇ ਜਨਰਲ ਸਕੱਤਰ ਐਮ ਐਲ ਏ ਬਣਿਆਂ। ਤੁਹਾਡੇ ਹਲਕੇ ਧਰਮਕੋਟ ਸਮੇਤ ਹੋਰ ਵੀ ਐਮ ਐਲ ਏ ਬਣੇ। ਮੈਨੂੰ ਖੁਸ਼ੀ ਹੋਈ ਕਿ ਜਿਹੜਾ ਕੰਮ ਪਹਿਲਾਂ ਦਸ ਸਾਲ ਨਹੀਂ ਕੀਤਾ ਉਹ ਇਹ ਸਾਰੇ ਰਲ ਮਿਲ ਕੇ ਕਰ ਲੈਣਗੇ। ਪਰ ਉਹਨਾਂ ਨੇ ਪੰਜ ਸਾਲਾਂ 'ਚ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ ਸਗੋਂ ਰੰਗ ਰਲੀਆਂ ਮਨਾਉਣ 'ਚ ਮਸਤ ਰਹੇ। ਪੰਜਾਬ ਛੋਟਾ ਜਿਹਾ ਸੂਬਾ ਹੈ ਤੇ ਛੋਟੇ ਛੋਟੇ 117 ਹਲਕੇ ਹਨ। ਜੇ ਨੌਂ ਐਮ ਐਲ ਏ 13-13 ਹਲਕੇ ਤਿਆਰ ਕਰਨ ਦੀ ਜ਼ਿੰਮੇਵਾਰੀ ਲੈ ਲੈਂਦੇ ਤਾਂ ਪੰਜਾਬ ਦੇ ਸਾਰੇ ਹਲਕੇ ਤਿਆਰ ਹੋ ਸਕਦੇ ਸਨ ਅਤੇ ਅੱਜ ਅਸੀਂ ਖੁਸ਼ੀ ਖੁਸ਼ੀ ਚੋਣਾਂ ਵਿਚ ਕੁੱਦ ਸਕਦੇ ਸੀ ਪਰ ਮੈਨੂੰ ਨਜ਼ਰ ਆਉਂਦਾ ਹੈ ਕਿ ਉਹਨਾਂ ਨੇ ਤਾਂ ਆਪਣੇ ਆਪਣੇ ਹਲਕੇ ਵੀ ਤਿਆਰ ਨਹੀਂ ਕੀਤੇ। ਇਸ ਲਈ ਉਹ ਸਾਰੇ ਐਮ ਪੀ ਸਮੇਤ ਡਰੇ ਡਰੇ ਹਨ। ਉਹਨਾਂ ਵਿਚੋਂ ਕਿੰਨੇ ਝੜ ਜਾਣਗੇ ਕੁਝ ਨਹੀਂ ਕਿਹਾ ਜਾ ਸਕਦਾ। ਪੰਜਾਬ ਦੇ ਐਸੇ ਮਾਹੌਲ ਵਿਚ ਅਣਖ ਨਾਲ ਜਿਉਣ ਲਈ ਅਣਖ ਵਾਲੇ ਕੁੱਝ ਲੋਕ ਛਾਂਟ ਕੇ,ਅਣਖ ਦੇ ਰਾਖੇ ਕੁਝ ਲੋਕ ਤਿਆਰ ਕਰਨ ਦੀ ਅਪੀਲ ਕਰਦਿਆਂ ਉਹਨਾ ਨੇ ਫਤਹਿ ਬੁਲਾਈ।

ਰੈਲੀ ਦੀ ਸਮਾਪਤੀ ਤੋਂ ਬਾਅਦ ਦਿਲਾਂ 'ਚ ਨਵੀਆਂ ਉਮੀਦਾਂ ਸੰਜੋਈ ਬੈਠੇ ਕਾਰਜ ਕਰਤਾ ਆਪਣੇ ਮਹਿਬੂਬ ਆਗੂ ਨਾਲ ਗੱਲ ਬਾਤ ਕਰ ਰਹੇ ਸਨ। ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਹੈਲੀਕਾਪਟਰ ਅਗਲੀ ਮੰਜ਼ਿਲ ਤੇ ਪੁੱਜ ਜਾਣਾ ਚਾਹੀਦਾ ਹੈ ਇਸ ਗੱਲ ਨੂੰ ਭਾਂਪ ਕੇ ਉਹਨਾਂ ਨੇ ਮੈਨੂੰ ਹੈਲੀਕਾਪਟਰ ਦੇਕੇ ਫਿਰੋਜ਼ਪੁਰ ਭੇਜ ਦਿੱਤਾ ਤੇ ਆਪ ਦੇਰ ਰਾਤ ਸੜਕੀ ਰਸਤੇ ਕਾਰ ਰਾਹੀਂ ਸਿੱਧੇ ਫਿਰੋਜ਼ਪੁਰ ਵਿਖੇ ਲੋਕ ਨਿਰਮਾਣ ਵਿਭਾਗ ਦੇ ਆਰਾਮ ਘਰ 'ਚ ਪੁੱਜੇ ਜਿੱਥੇ ਸੈਂਕੜੇ ਕਾਰਜ ਕਰਤਾ ਅੱਖਾਂ ਵਿਛਾਈ ਉਹਨਾਂ ਦੇ ਸੁਆਗਤ ਲਈ ਇੰਤਜ਼ਾਰ ਕਰ ਰਹੇ ਸਨ।

ਲੜੀਵਾਰ ਪ੍ਰੋਗਰਾਮਾਂ ਦੇ ਸਿਲਸਿਲੇ ਵਿਚ 30 ਨਵੰਬਰ ਨੂੰ ਦਸਵੇਂ ਦਿਨ ਉਹਨਾਂ ਨੇ ਆਪਣੇ ਪਹਿਲੇ ਪ੍ਰੋਗਰਾਮ ਦੀ ਸ਼ੁਰੂਆਤ ਫਿਰੋਜ਼ਪੁਰ ਛਾਉਣੀ ਹਲਕੇ ਤੋਂ ਸਵੇਰੇ ਦਸ ਵਜੇ ਕੀਤੀ। ਮੌਜੂਦਾ ਬੱਸ ਅੱਡੇ ਵਾਲੇ ਮੈਦਾਨ 'ਚ ਹਜ਼ਾਰਾਂ ਲੋਕਾਂ ਨੂੰ ਖੁਸ਼ੀ ਭਰੇ ਮਾਹੌਲ ਵਿਚ ਸੰਬੋਧਨ ਕਰਕੇ ਸਾਹਿਬ ਕਾਂਸ਼ੀ ਰਾਮ ਫਿਰੋਜ਼ਪੁਰ ਜ਼ਿਲ੍ਹੇ ਦੇ ਅਗਲੇ ਪ੍ਰੋਗਰਾਮਾਂ ਲਈ ਉਡਾਣ ਭਰ ਗਏ।

ਪੰਜਾਬ ਭਰ 'ਚ ਲਗਾਤਾਰ 117 ਹਲਕਿਆਂ ਵਿੱਚ ਸਾਹਿਬ ਕਾਂਸ਼ੀ ਰਾਮ ਵਲੋਂ ਕੀਤੀਆਂ ਗਈਆਂ ਰੈਲੀਆਂ ਨੇ ਸਿਆਸੀ ਮਾਹੌਲ ਗਰਮਾ ਦਿੱਤਾ। ਪਰ ਸਤਾਧਾਰੀ ਕਾਂਗਰਸ ਪਾਰਟੀ ਨੂੰ ਕੰਬਣੀ ਛੇੜ ਦਿੱਤੀ। ਉਹਨਾਂ ਦੇ ਦੌਰਿਆਂ ਨਾਲ ਪੰਜਾਬ ਦੀ ਰਾਜਨੀਤਕ ਫ਼ਿਜ਼ਾ ਵਿਚ ਨਵੀਂ ਹਲਚਲ ਪੈਦਾ ਹੋ ਗਈ। ਬਹੁਜਨ ਸਮਾਜ ਵਿਚ ਨਵਾਂ ਉਭਾਰ ਅਤੇ ਬਸਪਾ ਕਾਰਜਕਰਤਾਵਾਂ ਵਿਚ ਵਧੇਰੇ ਜੋਸ਼ ਉਮੜ ਪਿਆ। 29 ਦਸੰਬਰ 1996 ਨੂੰ ਬਸਪਾ ਵਲੋਂ ਲੁਧਿਆਣਾ ਵਿਖੇ ਵਰਧਮਾਨ ਮਿੱਲ ਦੇ ਪਿਛਵਾੜੇ ਵਿਸ਼ਾਲ ਮੈਦਾਨ ਅੰਦਰ ਕੀਤੀ ਗਈ ਵਿਰਾਟ ਰਾਜਨੀਤਕ ਰੈਲੀ ਨੇ ਰਾਜਸੀ ਪੰਡਤਾਂ ਵਿਚ ਨਵੀਂ ਚਰਚਾ ਛੇੜ ਦਿੱਤੀ। ਇਸ ਰੈਲੀ ਤੋਂ ਬਾਅਦ ਬਾਦਲਕਿਆਂ ਵਲੋਂ ਅਤੇ ਸਤਾਧਾਰੀ ਕਾਂਗਰਸ ਪਾਰਟੀ ਵਲੋਂ ਚੁਣਾਵੀ ਗਠਜੋੜ ਲਈ ਬਸਪਾ ਮੁਖੀ ਨੂੰ ਤਜ਼ਵੀਜਾਂ ਭੇਜੀਆਂ ਜਾਣ ਲੱਗੀਆਂ। ਪਰ ਉਹਨਾਂ ਵਿਚੋਂ ਕਿਸੇ ਨਾਲ ਵੀ ਗੱਲ ਕਿਸੇ ਤਣ ਪੱਤਣ ਨਾ ਲੱਗ ਸਕੀ। ਅੰਤ ਪੰਜਾਬ ਬਸਪਾ ਦੇ ਕੁਝ ਆਗੂਆਂ ਵਲੋਂ ਬਸਪਾ ਦਾ ਚੁਣਾਵੀ ਤਾਲਮੇਲ ਸਿਮਰਨਜੀਤ ਸਿੰਘ ਮਾਨ ਵਾਲੇ ਅਕਾਲੀ ਦਲ ਨਾਲ ਕਰਵਾ ਦਿੱਤਾ ਗਿਆ। 1989 ਦੀ ਲੋਕ ਸਭਾ ਚੋਣਾਂ 'ਚ ਭਾਰੀ ਬਹੁਮਤ ਲੈਕੇ ਪੰਜਾਬੀਆਂ ਨੂੰ ਕੋਈ ਠੋਸ ਸੇਧ ਤੇ ਪੰਥ ਨੂੰ ਕੋਈ ਦੂਰ ਅੰਦੇਸ਼ੀ ਵਾਲਾ ਪ੍ਰੋਗਰਾਮ ਨਾ ਦੇ ਸਕਣ ਕਰਕੇ ਮਾਨ ਪੰਥਕ ਹਲਕਿਆਂ ਵਲੋਂ ਰਾਜਸੀ ਸਫ਼ਾਂ 'ਚੋਂ ਨਕਾਰਿਆ ਜਾ ਚੁੱਕਾ ਸੀ ਅਤੇ ਇਸ ਵੇਲੇ ਤੱਕ ਉਹਦੀ ਰਾਜਨੀਤਕ ਸ਼ਾਖ਼ ਨੂੰ ਵੱਡਾ ਖੋਰਾ ਲੱਗ ਚੁੱਕਿਆ ਸੀ। ਦਲਿਤਾਂ ਸ਼ੋਸ਼ਿਤਾਂ ਵਲੋਂ ਵੀ ਉਹਦੀ ਰਜਵਾੜਾਸ਼ਾਹੀ, ਜਗੀਰੂ ਸੋਚ ਅਤੇ ਉਹਦੀਆਂ ਅਲਹਿਦਗੀ ਪਸੰਦ ਨੀਤੀਆਂ ਕਰਕੇ ਹੁੰਗਾਰਾ ਨਾ ਭਰਿਆ ਗਿਆ। ਇਹਨਾਂ ਕਾਰਨਾਂ ਕਰਕੇ ਨਤੀਜਾ ਉਹੀ 'ਢਾਕ ਕੇ ਤੀਨ ਪਾਤ' ਨਿਕਲਿਆ। ਮਾਨ ਦਲ ਨਾਲ ਗਠਜੋੜ ਦੇ ਬਾਵਜੂਦ ਇਸ ਚੋਣ 'ਚ ਬਸਪਾ ਦਾ ਇਕਲੌਤਾ ਵਿਧਾਇਕ ਸ਼ਿੰਗਾਰਾ ਰਾਮ ਸਹੁੰਗੜਾ ਹੀ ਗੜ੍ਹਸ਼ੰਕਰ ਹਲਕੇ ਤੋਂ ਵਿਧਾਨ ਸਭਾ ਦੀਆਂ ਪੌੜੀਆਂ ਮੁੜ ਚੜ੍ਹਨ 'ਚ ਕਾਮਯਾਬ ਹੋ ਸਕਿਆ ਤੇ ਅਜੀਤ ਇੰਦਰ ਸਿੰਘ ਮੋਫ਼ਰ ਸਰਦੂਲਗੜ੍ਹ ਹਲਕੇ ਤੋਂ ਮਾਨ ਦਲ ਦੇ ਵਿਧਾਇਕ ਵਜੋਂ ਜਿੱਤ ਹਾਸਲ ਕਰ ਸਕਿਆ ਸੀ। ਅਕਾਲੀ ਦਲ ਬਾਦਲ 75 ਸੀਟਾਂ ਜਿੱਤ ਗਿਆ, ਉਧਰ ਪੰਜਾਬ ਅੰਦਰ ਇੱਕਾ ਦੁੱਕਾ ਵਿਧਾਨ ਸਭਾ ਸੀਟਾਂ ਤੇ ਸੰਤੁਸ਼ਟੀ ਜ਼ਾਹਰ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਪਹਿਲੀ ਵਾਰ ਬਾਦਲਕਿਆਂ ਨੂੰ ਪਢੂੱਲ ਬਣਾ ਕੇ ਅਠਾਰਾਂ ਵਿਧਾਇਕ ਜਿਤਾਉਣ ਅਤੇ ਪੰਜਾਬ ਸਰਕਾਰ ਵਿਚ ਠੋਸ ਹਿੱਸੇਦਾਰੀ ਪਾਉਣ ਵਿਚ ਕਾਮਯਾਬ ਹੋ ਗਈ। ਜਿਸ ਨਾਲ ਆਰ ਐੱਸ ਐੱਸ ਦਾ ਹਿੰਦੂਤਵੀ ਏਜੰਡਾ ਪੰਜਾਬ ਅੰਦਰ ਵੀ ਬੇਰੋਕ ਲਾਗੂ ਕਰਨ ਲਈ ਰਾਹ ਮੋਕਲਾ ਹੋ ਗਿਆ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 29 ਜੂਨ
INTERNATIONAL PAPER, 9463601616
hardipchumber57@gmail.com

# ਬੇਰੁਜ਼ਗਾਰੀ

ਮਲਕੀਤ ਮੰਢਾਲੀ 7589458980
ਪੱਤਰਕਾਰ ਚਰਨਜੀਤ ਸਿੰਘ



ਅੱਜ ਦੁੱਖਾਂ ਦੇ ਮਾਰਿਆਂ ਦੀ ਕੋਈ ਸੁਣਦਾ ਦਿਲ ਦੀ ਨਹੀਂ
ਬੇਰੁਜ਼ਗਾਰੀ ਵੱਧ ਗਈ ਪਰ ਕੋਈ ਨੌਕਰੀ ਮਿਲਦੀ ਨਹੀਂ
ਬੇਰੁਜ਼ਗਾਰੀ ਵੱਧ ਗਈ..........
ਪੜ੍ਹ -ਲਿਖ ਕੋਰਸ ਕਰਕੇ ਲੋਕੀਂ ਵੇਹਲੇ ਘੁੰਮਦੇ ਨੇ
ਹਰ ਦਫਤਰ ਵਿੱਚ ਜਾ ਕੇ ਪੈਰ ਕਈਆਂ ਦੇ ਚੁੰਮਦੇ ਨੇ
ਮੁੜਦੇ ਵਾਪਿਸ ਜਦੋਂ ਆਸ ਦੀ ਕਲੀ ਕੋਈ ਖਿਲਦੀ ਨਹੀਂ
ਬੇਰੁਜ਼ਗਾਰੀ ਵੱਧ ਗਈ.........
ਹੱਕ ਮੰਗਿਆ ਜਿੱਥੇ ਵੀ ਜਾ ਕੇ ਬੇਰੁਜ਼ਗਾਰਾਂ ਨੇ
ਹੱਕਾਂ ਦੀ ਥਾਂ ਡੰਡੇ ਮਾਰੇ ਸਭ ਸਰਕਾਰਾਂ ਨੇ
ਆਜ਼ਾਦ ਭਾਰਤ ਦੀ ਇਹ ਸਮੱਸਿਆ ਕਿਉਂ ਠਿੱਲਦੀ ਨਹੀਂ
ਬੇਰੁਜ਼ਗਾਰੀ ਵੱਧ ਗਈ..........
ਉੱਠ ਆਓ ਨੌਜਵਾਨੋ ਬਦਲੋ ਤਾਣੇ - ਬਾਣੇ ਨੂੰ
ਸਬਕ ਸਿਖਾ ਦਿਓ ਸਾਰੇ ਭਾਰਤੀ ਲੋਟੂ ਲਾਣੇ ਨੂੰ
ਮਿਲਣੀ ਨਹੀਂ ਸਫਲਤਾ ਜਦ ਤੱਕ ਕੁਰਸੀ ਹਿਲਦੀ ਨਹੀਂ
ਬੇਰੁਜ਼ਗਾਰੀ ਵੱਧ ਗਈ..........
ਜੇ ਪੈਰਾਂ 'ਤੇ ਖੜ੍ਹਨਾ ਨਸ਼ਿਆਂ ਦੇ ਵੱਲ ਝਾਕੋ ਨਾ
ਭ੍ਰਿਸ਼ਟਾਚਾਰੀ ਬੰਦੇ ਨੂੰ ਕਦੇ ਚੰਗਾ ਆਖੋ ਨਾ
ਫਿਰ ਮਲਕੀਤ ਮੰਢਾਲੀ ਨੂੰ ਪ੍ਰਵਾਹ ਮੁਸ਼ਕਿਲ ਦੀ ਨਹੀਂ
ਬੇਰੁਜ਼ਗਾਰੀ ਵੱਧ ਗਈ.........

"Equality and justice"
Patiala 29 June
INTERNATIONAL PAPER, 94636 01616
hardipchumber57@gmail.com

# ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਟੈਕਨਾਲੋਜੀ ਬਨਾਮ ਐਡਵਾਂਸਡ ਅਪਡੇਟਸ ਤੇਜ਼ੀ ਨਾਲ ਆਧੁਨਿਕ ਸਾਈਬਰ ਹਮਲੇ ਅਤੇ ਧੋਖਾਧੜੀ



**ਵਿਸ਼ਵ ਪੱਧਰ 'ਤੇ ਸਾਈਬਰ ਧੋਖਾਧੜੀ ਉੱਨਤ ਅਤੇ ਅੱਪਡੇਟ ਹੋ ਰਹੀ ਹੈ-ਆਰਬੀਆਈ ਦੀ ਰਿਪੋਰਟ ਅਨੁਸਾਰ,ਭਾਰਤ ਵਿੱਚ ਬੈਂਕਾਂ ਨਾਲ ਸਬੰਧਤ ਧੋਖਾਧੜੀ ਦੇ ਮਾਮਲੇ ਘੱਟ ਗਏ ਹਨ,ਪਰ ਰਕਮ ਤਿੰਨ ਗੁਣਾ ਵਧ ਗਈ ਹੈ ਪੂਰੀ ਦੁਨੀਆ ਲਈ ਸਾਈਬਰ ਅਪਰਾਧਾਂ ਨਾਲ ਜੁੜੀਆਂ ਕੁੱਲ ਲਾਗਤ ਅਤੇ ਜੋਖਮ ਦੀਆਂ ਲਗਾਤਾਰ ਵਧਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਤੁਰੰਤ ਅਪਗ੍ਰੇਡ ਦੀ ਲੋੜ ਵਧ ਗਈ ਹੈ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ**

ਗੋਂਡੀਆ - ਵਿਸ਼ਵ ਪੱਧਰ 'ਤੇ, ਪੂਰੀ ਦੁਨੀਆ ਵਿੱਚ ਵਧ ਰਹੀ ਆਧੁਨਿਕ ਤਕਨਾਲੋਜੀ ਦੇ ਨਾਲ, ਸਾਈਬਰ ਅਪਰਾਧ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ, ਜੋ ਕਿ ਬੈਂਕ ਖਾਤੇ ਸਾਈਬਰ ਅਪਰਾਧ ਤੋਂ ਪਰੇ ਹੋ ਗਏ ਹਨ ਅਤੇ ਹੁਣ ਵਟਸਐਪ, ਮੇਲ, ਫੇਸਬੁੱਕ, ਇੰਸਟਾਗ੍ਰਾਮ ਸਮੇਤ ਕਈ ਸੋਸ਼ਲ ਮੀਡੀਆ ਪਲੇਟਫਾਰਮਾਂ ਤੱਕ ਪਹੁੰਚ ਗਏ ਹਨ, ਇਸ ਲਈ ਜੇਕਰ ਤੁਸੀਂ ਇੱਥੇ ਕਿਸੇ ਲਿੰਕ 'ਤੇ ਕਲਿੱਕ ਕਰਦੇ ਹੋ, ਤਾਂ ਤੁਸੀਂ ਸਾਈਬਰ ਅਪਰਾਧ ਦਾ ਸ਼ਿਕਾਰ ਹੋ ਜਾਂਦੇ ਹੋ, ਇਸ ਤਰ੍ਹਾਂ ਦੀਆਂ ਘਟਨਾਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ, ਜਿਸਦਾ ਨੋਟਿਸ ਲੈਂਦੇ ਹੋਏ, ਹੁਣ ਇਹ ਸੋਸ਼ਲ ਮੀਡੀਆ ਪਲੇਟਫਾਰਮ ਵੀ ਸੁਚੇਤ ਹੋ ਗਏ ਹਨ, ਜੇਕਰ ਥੋੜ੍ਹਾ ਜਿਹਾ ਵੀ ਸ਼ੱਕ ਜਾਂ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਹੁੰਦੀ ਹੈ, ਤਾਂ ਉਹ ਮੀਡੀਆ ਪਲੇਟਫਾਰਮ ਤੁਰੰਤ ਬੰਦ ਕਰ ਦਿੱਤਾ ਜਾਂਦਾ ਹੈ। ਇਸ ਵੇਲੇ ਬਹੁਤ ਸਾਰੇ ਲੋਕਾਂ ਦੇ ਵਟਸਐਪ, ਫੇਸਬੁੱਕ, ਇੰਸਟਾਗ੍ਰਾਮ ਅਕਾਊਂਟ ਲਾਕ ਕਰ ਦਿੱਤੇ ਗਏ ਹਨ, ਜਿਨ੍ਹਾਂ 'ਤੇ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕਰਨ ਵਾਲੇ ਸੁਨੇਹੇ ਆ ਰਹੇ ਹਨ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਇਸ ਲੇਖ ਰਾਹੀਂ, ਦੁਨੀਆ ਭਰ ਦੇ ਮੀਡੀਆ ਪਲੇਟਫਾਰਮਾਂ ਦੇ ਉਪਭੋਗਤਾਵਾਂ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਉਹ ਆਪਣੇ ਯੰਤਰਾਂ ਦੀ ਵਰਤੋਂ ਬਹੁਤ ਸਾਵਧਾਨੀ ਨਾਲ ਕਰਨ, ਜਿਸ ਬਾਰੇ ਹੇਠਾਂ ਦਿੱਤੇ ਪੈਰੇ ਵਿੱਚ ਚਰਚਾ ਕੀਤੀ ਗਈ ਹੈ। ਸਾਡਾ ਮੀਡੀਆ ਪਲੇਟਫਾਰਮ, ਜਿਸ ਵਿੱਚ ਸਾਡਾ ਕੀਮਤੀ ਡੇਟਾ ਜਾਂ ਸਮੂਹ ਹਨ, ਨੂੰ ਵੀ ਬੰਦ ਕੀਤਾ ਜਾ ਸਕਦਾ ਹੈ। ਉਹ ਪਲੇਟਫਾਰਮ ਇੱਕ ਨਵਾਂ ਨੰਬਰ ਲੈ ਕੇ ਸ਼ੁਰੂ ਕੀਤਾ ਜਾ ਸਕਦਾ ਹੈ ਪਰ ਇਸਦਾ ਸਾਰਾ ਡੇਟਾ ਖਤਮ ਹੋ ਜਾਵੇਗਾ। ਇਸ ਲਈ, ਸਾਨੂੰ ਸਾਈਬਰ ਅਪਰਾਧੀਆਂ ਨੂੰ ਕੋਈ ਮੌਕਾ ਨਹੀਂ ਦੇਣਾ ਚਾਹੀਦਾ ਅਤੇ ਆਪਣੇ ਯੰਤਰਾਂ ਦੀ ਵਰਤੋਂ ਬਹੁਤ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ। ਕਿਉਂਕਿ ਸਾਈਬਰ ਅਪਰਾਧਾਂ ਨਾਲ ਸਬੰਧਤ ਕੁੱਲ ਲਾਗਤ ਅਤੇ ਜੋਖਮ ਵਿੱਚ ਲਗਾਤਾਰ ਵਾਧਾ ਪੂਰੀ ਦੁਨੀਆ ਲਈ ਇੱਕ ਚੁਣੌਤੀ ਹੈ ਅਤੇ ਇਸ ਨਾਲ ਨਜਿੱਠਣ ਲਈ ਤੁਰੰਤ ਅਪਡੇਟਸ ਦੀ ਜ਼ਰੂਰਤ ਵਧ ਗਈ ਹੈ। ਇਸ ਲਈ, ਅੱਜ, ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਇਸ ਲੇਖ ਰਾਹੀਂ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਟੈਕਨਾਲੋਜੀ ਬਨਾਮ ਐਡਵਾਂਸਡ ਅਪਡੇਟਸ ਤੇਜ਼ੀ ਨਾਲ ਸੂਝਵਾਨ ਸਾਈਬਰ ਅਪਰਾਧ ਅਤੇ ਧੋਖਾਧੜੀ ਬਾਰੇ ਚਰਚਾ ਕਰਾਂਗੇ।

ਦੋਸਤੋ, ਜੇਕਰ ਅਸੀਂ ਮੌਜੂਦਾ ਸਮੇਂ ਵਿੱਚ ਸਾਈਬਰ ਅਪਰਾਧ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧੇ ਦੀ ਗੱਲ ਕਰੀਏ ਤਾਂ ਅਜਿਹੇ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚ ਲੋਕਾਂ ਨੂੰ ਨਕਲੀ ਪੁਲਿਸ, ਸੀਬੀਆਈ ਅਫਸਰ ਬਣ ਕੇ ਡਿਜੀਟਲ ਤੌਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਲੱਖਾਂ ਰੁਪਏ ਠੱਗੇ ਗਏ ਸਨ। ਧੋਖੇਬਾਜ਼ ਇੰਟਰਨੈੱਟ 'ਤੇ ਸਟੋਰ ਕੀਤੀ ਜਾਣਕਾਰੀ ਤੱਕ ਪਹੁੰਚ ਕਰਕੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ। ਹਾਲਾਂਕਿ, ਧੋਖੇਬਾਜ਼ ਉਨ੍ਹਾਂ ਲੋਕਾਂ ਨੂੰ ਵੀ ਆਪਣਾ ਸ਼ਿਕਾਰ ਬਣਾ ਰਹੇ ਹਨ ਜਿਨ੍ਹਾਂ ਕੋਲ ਇੰਟਰਨੈੱਟ ਨਹੀਂ ਹੈ। ਅਜਿਹੀ ਸਥਿਤੀ ਵਿੱਚ, ਸਵਾਲ ਇਹ ਉੱਠਦਾ ਹੈ ਕਿ ਇੰਟਰਨੈੱਟ ਤੋਂ ਬਿਨਾਂ ਉਨ੍ਹਾਂ ਕੋਲ ਸਾਡੀ ਜਾਣਕਾਰੀ ਕਿਵੇਂ ਹੈ? ਅੱਜ ਦੇ ਯੁੱਗ ਵਿੱਚ, ਜੇਕਰ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਰੱਖਦੇ, ਤਾਂ ਅਸੀਂ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋ ਸਕਦੇ ਹਾਂ। ਇਸ ਤੋਂ ਬਚਣ ਲਈ, ਜੇਕਰ ਅਸੀਂ ਈਮੇਲ ਜਾਂ ਕਿਸੇ ਵੀ ਔਨਲਾਈਨ ਸੇਵਾ ਦੀ ਵਰਤੋਂ ਕਰ ਰਹੇ ਹਾਂ, ਤਾਂ ਇਸਦਾ ਪਾਸਵਰਡ ਬਹੁਤ ਮਜ਼ਬੂਤ ਰੱਖਣ ਦੀ ਕੋਸ਼ਿਸ਼ ਕਰੋ। ਗਲਤੀ ਨਾਲ ਵੀ ਆਪਣਾ ਨਾਮ, ਮੋਬਾਈਲ ਨੰਬਰ ਜਾਂ ਜਨਮ ਮਿਤੀ ਪਾਸਵਰਡ ਵਜੋਂ ਨਾ ਰੱਖੋ। ਹਮੇਸ਼ਾ ਦੋ-ਕਾਰਕ ਪ੍ਰਮਾਣਿਕਤਾ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰੋ। ਜੇਕਰ ਸਾਨੂੰ ਕੋਈ ਅਣਜਾਣ ਮੇਲ ਜਾਂ ਸੁਨੇਹਾ ਮਿਲਦਾ ਹੈ ਅਤੇ ਇਸ ਵਿੱਚ ਕੋਈ ਲਿੰਕ ਦਿੱਤਾ ਜਾਂਦਾ ਹੈ, ਤਾਂ ਗਲਤੀ ਨਾਲ ਵੀ ਇਸਨੂੰ ਖੋਲ੍ਹਣ ਦੀ ਕੋਸ਼ਿਸ਼ ਨਾ ਕਰੋ। ਹਮੇਸ਼ਾ ਆਪਣੇ ਫ਼ੋਨ ਨੂੰ ਅੱਪਡੇਟ ਰੱਖੋ। ਜੇਕਰ ਕੋਈ ਸੁਰੱਖਿਆ ਵਿਸ਼ੇਸ਼ਤਾ ਅੱਪਡੇਟ ਆਉਂਦੀ ਹੈ, ਤਾਂ ਜ਼ਰੂਰ ਕਰੋ। ਇਹ ਸਾਡੇ ਫ਼ੋਨ ਨੂੰ ਸੁਰੱਖਿਅਤ ਰੱਖਦਾ ਹੈ। ਭਾਵੇਂ ਅਸੀਂ ਇੰਟਰਨੈੱਟ ਦੀ ਵਰਤੋਂ ਨਹੀਂ ਕਰਦੇ, ਧੋਖੇਬਾਜ਼ ਸਾਨੂੰ ਆਸਾਨੀ ਨਾਲ ਆਪਣਾ ਸ਼ਿਕਾਰ ਬਣਾ ਸਕਦੇ ਹਨ। ਦਰਅਸਲ, ਇਸ ਲਈ ਉਹ ਸਾਡਾ ਡੇਟਾ ਦੂਜੀਆਂ ਥਾਵਾਂ ਤੋਂ ਚੁੱਕਦੇ ਹਨ। ਇਸ ਵਿੱਚ, ਉਹ ਸੋਸ਼ਲ ਸਾਈਟਾਂ, ਹਸਪਤਾਲਾਂ, ਦੁਕਾਨਾਂ ਜਾਂ ਸਰਕਾਰੀ ਦਫਤਰਾਂ ਆਦਿ ਤੋਂ ਡੇਟਾ ਲੀਕ ਕਰਦੇ ਹਨ ਜਾਂ ਕਿਸੇ ਤਰੀਕੇ ਨਾਲ ਇਸਨੂੰ ਕੱਢਦੇ ਹਨ। ਫਿਰ ਉਹ ਇਸ ਡੇਟਾ ਦੀ ਵਰਤੋਂ ਸਾਨੂੰ ਧੋਖਾ ਦੇਣ ਲਈ ਕਰਦੇ ਹਨ। ਬਹੁਤ ਸਾਰੇ ਲੋਕਾਂ ਦਾ ਡੇਟਾ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਦੇ ਫੋਨ ਤੋਂ ਵੀ ਕੱਢਿਆ ਜਾਂਦਾ ਹੈ।

ਦੋਸਤੋ, ਜੇਕਰ ਅਸੀਂ ਵਿੱਤੀ ਸਾਲ 2024-25 ਵਿੱਚ ਧੋਖਾਧੜੀ ਦੇ ਮਾਮਲਿਆਂ ਵਿੱਚ ਕਮੀ ਦੀ ਗੱਲ ਕਰੀਏ ਪਰ RBI ਦੀ ਰਿਪੋਰਟ ਵਿੱਚ ਧੋਖਾਧੜੀ ਦੀ ਮਾਤਰਾ ਤਿੰਨ ਗੁਣਾ ਵਧਣ ਦੀ ਗੱਲ ਕਰੀਏ, ਤਾਂ ਜ਼ਿਆਦਾਤਰ ਧੋਖਾਧੜੀ ਦੇ ਮਾਮਲੇ ਡਿਜੀਟਲ ਭੁਗਤਾਨਾਂ ਨਾਲ ਸਬੰਧਤ ਹਨ। RBI ਦੀ 2024-25 ਦੀ ਸਾਲਾਨਾ ਰਿਪੋਰਟ ਦੇ ਅਨੁਸਾਰ, ਬੈਂਕਾਂ ਨਾਲ ਸਬੰਧਤ ਧੋਖਾਧੜੀ ਦੇ ਕੁੱਲ 23,953 ਮਾਮਲੇ ਸਾਹਮਣੇ ਆਏ, ਜੋ ਕਿ 2023-24 ਦੇ ਮੁਕਾਬਲੇ 34 ਪ੍ਰਤੀਸ਼ਤ ਘੱਟ ਸਨ। ਪਰ 2024-25 ਵਿੱਚ, 36,014 ਕਰੋੜ ਰੁਪਏ ਦੀ ਧੋਖਾਧੜੀ ਹੋਈ ਅਤੇ ਇਹ ਰਕਮ ਪਿਛਲੇ ਵਿੱਤੀ ਸਾਲ ਨਾਲੋਂ ਲਗਭਗ 3 ਗੁਣਾ ਵੱਧ ਸੀ। ਇਸਦੇ ਦੋ ਮੁੱਖ ਕਾਰਨ ਸਨ। ਪਹਿਲਾ, ਪਿਛਲੇ ਵਿੱਤੀ ਸਾਲ ਵਿੱਚ, 18,674 ਕਰੋੜ ਰੁਪਏ ਦੇ 122 ਮਾਮਲਿਆਂ ਨੂੰ ਧੋਖਾਧੜੀ ਦੀ ਸ਼੍ਰੇਣੀ ਵਿੱਚੋਂ ਹਟਾ ਦਿੱਤਾ ਗਿਆ ਸੀ ਅਤੇ ਦੁਬਾਰਾ ਜਾਂਚ ਤੋਂ ਬਾਅਦ, ਇਸ ਵਿੱਤੀ ਸਾਲ ਵਿੱਚ ਉਨ੍ਹਾਂ ਦੀ ਦੁਬਾਰਾ ਸ਼ਿਕਾਇਤ ਕੀਤੀ ਗਈ ਸੀ। ਦੂਜਾ, 27 ਮਾਰਚ, 2023 ਦੇ ਸੁਪਰੀਮ ਕੋਰਟ ਦੇ ਫੈਸਲੇ ਦੀ ਪਾਲਣਾ ਯਕੀਨੀ ਬਣਾਈ ਗਈ ਸੀ। ਰਿਜ਼ਰਵ ਬੈਂਕ ਦੀ ਰਿਪੋਰਟ ਵਿੱਚ 1 ਲੱਖ ਰੁਪਏ ਅਤੇ ਇਸ ਤੋਂ ਵੱਧ ਦੀ ਧੋਖਾਧੜੀ ਦੇ ਮਾਮਲੇ ਸ਼ਾਮਲ ਕੀਤੇ ਗਏ ਹਨ। ਇਸ ਵਿੱਚ ਉਹ ਮਾਮਲੇ ਵੀ ਸ਼ਾਮਲ ਹੋ ਸਕਦੇ ਹਨ ਜਿੱਥੇ ਧੋਖਾਧੜੀ ਕਈ ਸਾਲ ਪਹਿਲਾਂ ਹੋਈ ਸੀ ਪਰ ਇਸ ਸਾਲ ਸ਼ਿਕਾਇਤ ਦਰਜ ਕਰਵਾਈ ਗਈ ਸੀ। ਕੇਂਦਰੀ ਬੈਂਕ ਦੇ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਵਿੱਤੀ ਸਾਲ ਵਿੱਚ ਸਭ ਤੋਂ ਵੱਧ ਧੋਖਾਧੜੀ ਦੇ ਮਾਮਲੇ ਨਿੱਜੀ ਖੇਤਰ ਦੇ ਬੈਂਕਾਂ ਤੋਂ ਸਾਹਮਣੇ ਆਏ ਸਨ। ਉਨ੍ਹਾਂ ਬੈਂਕਾਂ ਵਿੱਚ ਧੋਖਾਧੜੀ ਦੇ 14,233 ਮਾਮਲੇ ਸਾਹਮਣੇ ਆਏ, ਜੋ ਕਿ ਬੈਂਕਿੰਗ ਖੇਤਰ ਵਿੱਚ ਕੁੱਲ ਧੋਖਾਧੜੀ ਦਾ 59.4 ਪ੍ਰਤੀਸ਼ਤ ਹੈ। ਇਹ ਸਰਕਾਰੀ ਬੈਂਕਾਂ ਨਾਲੋਂ ਬਹੁਤ ਜ਼ਿਆਦਾ ਹੈ। ਸਰਕਾਰੀ ਬੈਂਕਾਂ ਵਿੱਚ ਧੋਖਾਧੜੀ ਦੇ ਸਿਰਫ਼ 6,935 ਮਾਮਲੇ ਸਾਹਮਣੇ ਆਏ, ਜੋ ਕਿ ਕੁੱਲ ਮਾਮਲਿਆਂ ਦਾ ਸਿਰਫ਼ 29 ਪ੍ਰਤੀਸ਼ਤ ਸੀ। ਪਰ ਸਰਕਾਰੀ ਬੈਂਕਾਂ ਵਿੱਚ 25,667 ਕਰੋੜ ਰੁਪਏ ਦੀ ਧੋਖਾਧੜੀ ਹੋਈ, ਜੋ ਕਿ ਅਜਿਹੇ ਮਾਮਲਿਆਂ ਵਿੱਚ ਸ਼ਾਮਲ ਕੁੱਲ ਰਕਮ ਦਾ 71.3 ਪ੍ਰਤੀਸ਼ਤ ਹੈ। ਨਿੱਜੀ ਖੇਤਰ ਦੇ ਬੈਂਕਾਂ ਵਿੱਚ ਕੁੱਲ 10,088 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਗਈ। ਰਿਜ਼ਰਵ ਬੈਂਕ ਨੇ ਰਿਪੋਰਟ ਵਿੱਚ ਕਿਹਾ, 'ਬੈਂਕ ਸਮੂਹ ਦੇ ਅਨੁਸਾਰ, ਪਿਛਲੇ 3 ਸਾਲਾਂ ਵਿੱਚ, ਨਿੱਜੀ ਖੇਤਰ ਦੇ ਬੈਂਕਾਂ ਵਿੱਚ ਸਭ ਤੋਂ ਵੱਧ ਧੋਖਾਧੜੀ ਹੋਈ, ਪਰ ਸਭ ਤੋਂ ਵੱਧ ਰਕਮ ਦੀ ਧੋਖਾਧੜੀ ਜਨਤਕ ਖੇਤਰ ਦੇ ਬੈਂਕਾਂ ਵਿੱਚ ਦੇਖੀ ਗਈ। ਰਿਜ਼ਰਵ ਬੈਂਕ ਦੇ ਅਨੁਸਾਰ, ਗਿਣਤੀ ਦੇ ਮਾਮਲੇ ਵਿੱਚ ਸਭ ਤੋਂ ਵੱਧ ਧੋਖਾਧੜੀ ਡਿਜੀਟਲ ਭੁਗਤਾਨਾਂ (ਕਾਰਡ/ਇੰਟਰਨੈੱਟ) ਵਿੱਚ ਹੋਈ, ਜਦੋਂ ਕਿ ਰਕਮ ਦੇ ਮਾਮਲੇ ਵਿੱਚ ਸਭ ਤੋਂ ਵੱਧ ਧੋਖਾਧੜੀ ਕਰਜ਼ਾ ਸ਼੍ਰੇਣੀ ਵਿੱਚ ਸੀ। ਕਾਰਡ/ਇੰਟਰਨੈੱਟ ਧੋਖਾਧੜੀ ਦੇ ਮਾਮਲੇ ਨਿੱਜੀ ਖੇਤਰ ਦੇ ਬੈਂਕਾਂ ਵਿੱਚ ਜ਼ਿਆਦਾ ਸਾਹਮਣੇ ਆਏ ਹਨ, ਜਦੋਂ ਕਿ ਸਰਕਾਰੀ ਬੈਂਕਾਂ ਵਿੱਚ, ਕਰਜ਼ਾ ਲੈਣ ਵਿੱਚ ਜ਼ਿਆਦਾ ਧੋਖਾਧੜੀ ਕੀਤੀ ਗਈ ਹੈ।




ਦੋਸਤੋ, ਜੇਕਰ ਅਸੀਂ ਸੀਬੀਆਈ ਦੀ ਮੁਹਿੰਮ ਆਪ੍ਰੇਸ਼ਨ ਚੱਕਰ-5 ਦੀ ਗੱਲ ਕਰੀਏ, ਤਾਂ ਸਾਈਬਰ ਅਪਰਾਧ ਅਤੇ ਡਿਜੀਟਲ ਗ੍ਰਿਫ਼ਤਾਰੀ ਦੇ ਮਾਮਲਿਆਂ ਨਾਲ ਨਜਿੱਠਣ ਲਈ ਚੱਲ ਰਹੇ ਯਤਨਾਂ ਦੇ ਦੌਰਾਨ, ਸੀਬੀਆਈ ਨੇ ਸਾਈਬਰ ਧੋਖਾਧੜੀ ਵਿੱਚ ਵਰਤੇ ਜਾ ਰਹੇ ਖੱਚਰ ਬੈਂਕ ਖਾਤਿਆਂ ਦੇ ਸਬੰਧ ਵਿੱਚ ਪੰਜ ਰਾਜਾਂ ਵਿੱਚ 42 ਥਾਵਾਂ 'ਤੇ ਦੇਸ਼ ਵਿਆਪੀ ਤਲਾਸ਼ੀ ਸ਼ੁਰੂ ਕੀਤੀ ਹੈ। ਖੱਚਰ ਖਾਤਾ ਇੱਕ ਬੈਂਕ ਖਾਤਾ ਹੈ ਜਿਸਦੀ ਵਰਤੋਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਸੁਚਾਰੂ ਬਣਾਉਣ ਲਈ ਕੀਤੀ ਜਾਂਦੀ ਹੈ। ਇਹ ਮੁਹਿੰਮ ਆਪ੍ਰੇਸ਼ਨ ਚੱਕਰ-5 ਦੇ ਤਹਿਤ ਪੰਜ ਰਾਜਾਂ - ਰਾਜਸਥਾਨ, ਦਿੱਲੀ, ਹਰਿਆਣਾ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਵਿੱਚ ਚਲਾਈ ਗਈ ਸੀ। ਜਾਂਚ ਵਿੱਚ ਸਾਹਮਣੇ ਆਇਆ ਕਿ ਦੇਸ਼ ਭਰ ਦੇ ਵੱਖ-ਵੱਖ ਬੈਂਕਾਂ ਦੀਆਂ ਸੱਤ ਸੌ ਤੋਂ ਵੱਧ ਸ਼ਾਖਾਵਾਂ ਨੇ ਲਗਭਗ ਸਾਢੇ ਅੱਠ ਲੱਖ ਖੱਚਰ ਖਾਤੇ ਖੋਲ੍ਹੇ ਹਨ। ਏਜੰਸੀ ਨੇ ਕਿਹਾ ਕਿ ਇਹ ਖਾਤੇ ਸਹੀ ਕੇਵਾਈਸੀ ਨਿਯਮਾਂ ਜਾਂ ਸ਼ੁਰੂਆਤੀ ਜੋਖਮ ਮੁਲਾਂਕਣ ਤੋਂ ਬਿਨਾਂ ਖੋਲ੍ਹੇ ਗਏ ਸਨ। ਤਲਾਸ਼ੀ ਦੌਰਾਨ, ਕਈ ਅਪਰਾਧਕ ਦਸਤਾਵੇਜ਼ ਅਤੇ ਡਿਜੀਟਲ ਸਬੂਤ, ਮੋਬਾਈਲ ਫੋਨ, ਬੈਂਕ ਖਾਤਾ ਖੋਲ੍ਹਣ ਦੇ ਦਸਤਾਵੇਜ਼, ਲੈਣ-ਦੇਣ ਸਟੇਟਮੈਂਟਾਂ, ਕੇਵਾਈਸੀ ਦਸਤਾਵੇਜ਼ ਜ਼ਬਤ ਕੀਤੇ ਗਏ ਹਨ। ਸੀਬੀਆਈ ਨੇ ਖੱਚਰ ਬੈਂਕ ਖਾਤੇ ਖੋਲ੍ਹਣ ਅਤੇ ਉਹਨਾਂ ਦੀ ਸਹੂਲਤ ਦੇਣ ਵਿੱਚ ਸ਼ਾਮਲ ਹੋਣ ਲਈ ਨੌਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਪੂਰੀ ਕਾਰਵਾਈ ਵਿੱਚ ਵਿਚੋਲੇ, ਏਜੰਟ, ਖਾਤਾ ਧਾਰਕ ਅਤੇ ਬੈਂਕ ਕਰਮਚਾਰੀ ਸ਼ਾਮਲ ਹਨ।

ਦੋਸਤੋ, ਜੇਕਰ ਅਸੀਂ ਸਾਈਬਰ ਅਪਰਾਧ ਨੂੰ ਸਮਝਣ ਦੀ ਗੱਲ ਕਰੀਏ, ਤਾਂ ਸਾਈਬਰ ਅਪਰਾਧ ਇੱਕ ਆਮ ਸ਼ਬਦ ਹੈ ਜੋ ਕੰਪਿਊਟਰਾਂ, ਨੈੱਟਵਰਕਾਂ ਜਾਂ ਕਿਸੇ ਹੋਰ ਡਿਜੀਟਲ ਸਾਧਨਾਂ ਦੀ ਵਰਤੋਂ ਕਰਕੇ ਕੀਤੀਆਂ ਜਾਂਦੀਆਂ ਅਣਗਿਣਤ ਅਪਰਾਧਿਕ ਗਤੀਵਿਧੀਆਂ ਦਾ ਵਰਣਨ ਕਰਦਾ ਹੈ। ਸਾਈਬਰ ਅਪਰਾਧ ਨੂੰ ਸਾਈਬਰ ਅਪਰਾਧੀਆਂ ਦੁਆਰਾ ਕੀਤੀਆਂ ਜਾਂਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਮੰਨਿਆ ਜਾਂਦਾ ਹੈ। ਇਹਨਾਂ ਵਿੱਚ ਹੈਕਿੰਗ, ਫਿਸ਼ਿੰਗ, ਪਛਾਣ ਚੋਰੀ, ਰੈਨਸਮਵੇਅਰ ਅਤੇ ਮਾਲਵੇਅਰ ਹਮਲੇ ਸ਼ਾਮਲ ਹਨ, ਕਈ ਹੋਰ ਸ਼ਾਮਲ ਹਨ। ਸਾਈਬਰ ਅਪਰਾਧ ਦੀ ਪਹੁੰਚ ਕੋਈ ਭੌਤਿਕ ਸੀਮਾਵਾਂ ਨਹੀਂ ਜਾਣਦੀ। ਅਪਰਾਧੀ, ਪੀੜਤ ਅਤੇ ਤਕਨੀਕੀ ਬੁਨਿਆਦੀ ਢਾਂਚਾ ਦੁਨੀਆ ਭਰ ਵਿੱਚ ਫੈਲਿਆ ਹੋਇਆ ਹੈ। ਵਿਅਕਤੀਗਤ ਅਤੇ ਉੱਦਮ ਪੱਧਰ 'ਤੇ ਸੁਰੱਖਿਆ ਕਮਜ਼ੋਰੀਆਂ ਦਾ ਸ਼ੋਸ਼ਣ ਕਰਨ ਲਈ ਤਕਨਾਲੋਜੀ ਦੀ ਵਰਤੋਂ ਨਾਲ, ਸਾਈਬਰ ਅਪਰਾਧ ਕਈ ਰੂਪ ਲੈਂਦਾ ਹੈ ਅਤੇ ਵਿਕਸਤ ਹੁੰਦਾ ਰਹਿੰਦਾ ਹੈ। ਬਦਲੇ ਵਿੱਚ, ਸਾਈਬਰ ਅਪਰਾਧਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਜਾਂਚ ਕਰਨ, ਮੁਕੱਦਮਾ ਚਲਾਉਣ ਅਤੇ ਰੋਕਣ ਦੀ ਯੋਗਤਾ ਕਈ ਗਤੀਸ਼ੀਲ ਚੁਣੌਤੀਆਂ ਨਾਲ ਇੱਕ ਚੱਲ ਰਹੀ ਲੜਾਈ ਹੈ। ਸਾਈਬਰ ਅਪਰਾਧ ਵਿਅਕਤੀਆਂ, ਕਾਰੋਬਾਰਾਂ ਅਤੇ ਸਰਕਾਰੀ ਸੰਸਥਾਵਾਂ ਲਈ ਇੱਕ ਗੰਭੀਰ ਖ਼ਤਰਾ ਹੈ ਅਤੇ ਇਸਦੇ ਨਤੀਜੇ ਵਜੋਂ ਮਹੱਤਵਪੂਰਨ ਵਿੱਤੀ ਨੁਕਸਾਨ, ਸਾਖ ਨੂੰ ਨੁਕਸਾਨ ਅਤੇ ਰਿਕਾਰਡਾਂ ਨਾਲ ਸਮਝੌਤਾ ਹੋ ਸਕਦਾ ਹੈ। ਜਿਵੇਂ-ਜਿਵੇਂ ਤਕਨਾਲੋਜੀ ਅੱਗੇ ਵਧਦੀ ਹੈ ਅਤੇ ਵੱਧ ਤੋਂ ਵੱਧ ਲੋਕ ਮਿਆਰੀ ਕਾਰਜਾਂ ਲਈ ਡਿਜੀਟਲ ਡਿਵਾਈਸਾਂ ਅਤੇ ਨੈੱਟਵਰਕਾਂ 'ਤੇ ਨਿਰਭਰ ਕਰਦੇ ਹਨ, ਸਾਈਬਰ ਅਪਰਾਧ ਦਾ ਖ਼ਤਰਾ ਵਧਦਾ ਰਹਿੰਦਾ ਹੈ, ਜਿਸ ਨਾਲ ਇਸਦੇ ਵਿਰੁੱਧ ਸੁਰੱਖਿਆ ਲਈ ਕਦਮ ਚੁੱਕਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੋ ਜਾਂਦਾ ਹੈ। ਵਾਇਰਸਾਂ ਦੀਆਂ ਉਦਾਹਰਣਾਂ ਵਿੱਚ ਮੇਲਿਸਾ, ਆਈਲਵਯੂ, ਅਤੇ ਨਿਮਡਾ ਵਾਇਰਸ ਸ਼ਾਮਲ ਹਨ - ਇਹ ਸਾਰੇ ਫਾਈਲਾਂ ਨੂੰ ਸੰਕਰਮਿਤ ਕਰਨ ਅਤੇ ਕੰਪਿਊਟਰ ਸਿਸਟਮ ਨੂੰ ਨੁਕਸਾਨ ਪਹੁੰਚਾਉਣ ਲਈ ਤੇਜ਼ੀ ਨਾਲ ਫੈਲਦੇ ਹਨ। ਇਸ ਦੀਆਂ ਵੀ ਬਹੁਤ ਸਾਰੀਆਂ ਉਦਾਹਰਣਾਂ ਹਨ। ਡੀਡੀਓਐਸ ਹਮਲੇ ਸਾਫਟਵੇਅਰ ਚੋਰੀ ਫਿਸ਼ਿੰਗ ਘੁਟਾਲੇ ਪਛਾਣ ਚੋਰੀ ਔਨਲਾਈਨ ਪਰੇਸ਼ਾਨੀ ਸਾਈਬਰ ਅੱਤਵਾਦ, ਆਮ ਤੌਰ 'ਤੇ ਅੱਤਵਾਦੀ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਇੰਟਰਨੈਟ ਜਾਂ ਕੰਪਿਊਟਰ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ ਔਨਲਾਈਨ ਤਬਾਹੀ ਦੇ ਵੱਡੇ ਕੰਮ, ਜਿਵੇਂ ਕਿ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਉਣਾ ਅਤੇ ਵਿਨਾਸ਼ਕਾਰੀ ਖਰਾਬੀ ਪੈਦਾ ਕਰਨਾ, ਗੁਪਤ ਜਾਣਕਾਰੀ ਚੋਰੀ ਕਰਨਾ, ਜਾਂ ਰਾਜਨੀਤਿਕ ਜਾਂ ਸੱਭਿਆਚਾਰਕ ਪ੍ਰਭਾਵ ਨਾਲ ਪ੍ਰਚਾਰ ਕਰਨਾ। ਸਾਈਬਰ ਅੱਤਵਾਦ ਦੇ ਮਾਮਲੇ ਤੇਜ਼ੀ ਨਾਲ ਸੂਝਵਾਨ ਹੁੰਦੇ ਜਾ ਰਹੇ ਹਨ, ਸਾਈਬਰ ਸੁਰੱਖਿਆ ਅਤੇ ਸੁਰੱਖਿਆ 'ਤੇ ਵਧੇਰੇ ਮੰਗਾਂ ਰੱਖਦੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਤਕਨਾਲੋਜੀ ਦੇ ਉੱਨਤ ਅਪਡੇਟਸ ਬਨਾਮ ਵਧਦੇ ਸੂਝਵਾਨ ਸਾਈਬਰ ਹਮਲਿਆਂ ਅਤੇ ਧੋਖਾਧੜੀ, ਵਿਸ਼ਵ ਪੱਧਰ 'ਤੇ ਉੱਨਤ ਅਤੇ ਅੱਪਡੇਟ ਕੀਤੇ ਸਾਈਬਰ ਧੋਖਾਧੜੀ - ਆਰਬੀਆਈ ਦੀ ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ ਬੈਂਕਾਂ ਨਾਲ ਸਬੰਧਤ ਧੋਖਾਧੜੀ ਦੇ ਮਾਮਲੇ ਘਟੇ ਹਨ, ਪਰ ਮਾਤਰਾ ਤਿੰਨ ਗੁਣਾ ਵਧ ਗਈ ਹੈ। ਪੂਰੀ ਦੁਨੀਆ ਲਈ ਸਾਈਬਰ ਅਪਰਾਧਾਂ ਨਾਲ ਜੁੜੀਆਂ ਕੁੱਲ ਲਾਗਤ ਅਤੇ ਜੋਖਮ ਦੀਆਂ ਲਗਾਤਾਰ ਵਧਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਤੁਰੰਤ ਅੱਪਗ੍ਰੇਡ ਦੀ ਜ਼ਰੂਰਤ ਵਧ ਗਈ ਹੈ।

-ਕੰਪਾਈਲਰ ਲੇਖਕ - ਸਵਾਲ-ਜਵਾਬ ਮਾਹਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ ਗੋਂਡੀਆ ਮਹਾਰਾਸ਼ਟਰ 9359653465

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਬਿਆਸ ਦਰਿਆ ਦੇ ਕੰਢੇ ਵਸੇ ਪਿੰਡਾਂ ਦਾ ਕੀਤਾ ਦੌਰਾ

"Equality and justice"
Patiala 29 June
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)

ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸੰਭਾਵੀ ਹੜ੍ਹਾਂ ਦੇ ਖ਼ਤਰੇ ਨੂੰ ਧਿਆਨ ਵਿਚ ਰੱਖਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਐਸ.ਡੀ.ਐਮ ਮੁਕੇਰੀਆਂ ਕਮਲਜੀਤ ਸਿੰਘ ਅਤੇ ਡਰੇਨੇਜ ਵਿਭਾਗ ਦੇ ਐਸ.ਡੀ.ਓ ਸੁਖਪ੍ਰੀਤ ਸਿੰਘ ਦੇ ਨਾਲ ਬਿਆਸ ਦਰਿਆ ਦੇ ਕੰਢੇ ਸਥਿਤ ਪਿੰਡਾਂ ਨੌਸ਼ਹਿਰਾ ਪੱਤਣ, ਹੁਸ਼ਿਆਰਪੁਰ ਕਲੋਤਾ ਅਤੇ ਮਹਿਤਾਬਪੁਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਸੰਭਾਵੀ ਹੜ੍ਹਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਅਤੇ ਗੰਭੀਰ ਹੈ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਹਿਲਾਂ ਆਏ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੇ ਪਹਿਲਾਂ ਹੀ 1.20 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ, ਜਿਸ ਵਿਚੋਂ ਬਿਆਸ ਦਰਿਆ ਦੇ ਕੰਢਿਆਂ 'ਤੇ ਸੁਰੱਖਿਆ ਲਈ ਸਟੱਡ (ਰੱਖਿਅਕ ਬੰਨ੍ਹ) ਬਣਾਏ ਗਏ ਹਨ ਅਤੇ ਸਬੰਧਤ ਕੰਮ ਮੁਕੰਮਲ ਕਰ ਲਿਆ ਗਿਆ ਹੈ। ਪਿੰਡ ਵਾਸੀਆਂ ਦੀ ਮੰਗ 'ਤੇ, ਲੱਗਭਗ 1.5 ਕਰੋੜ ਰੁਪਏ ਦੀ ਵਾਧੂ ਰਾਸ਼ੀ ਵੀ ਜਲਦੀ ਜਾਰੀ ਕੀਤੀ ਜਾਵੇਗੀ ਤਾਂ ਜੋ ਬਾਕੀ ਇਲਾਕਿਆਂ ਵਿਚ ਵੀ ਸਟੱਡ ਨਿਰਮਾਣ ਸੰਭਵ ਹੋ ਸਕੇ ਅਤੇ ਪਿੰਡਾਂ ਅਤੇ ਖੇਤੀਬਾੜੀ ਵਾਲੀ ਜ਼ਮੀਨ ਨੂੰ ਹੜ੍ਹ ਦੇ ਪਾਣੀ ਤੋਂ ਬਚਾਇਆ ਜਾ ਸਕੇ।

ਇਸ ਮੌਕੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਤੁਰੰਤ ਕਾਰਵਾਈ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ। ਕਿਸਾਨਾਂ ਨੇ ਖਾਸ ਤੌਰ 'ਤੇ ਸਰਕਾਰ ਵੱਲੋਂ ਖੇਤਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਅਤੇ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਸਰਪੰਚ ਜਸਵਿੰਦਰ ਸਿੰਘ, ਨੰਬਰਦਾਰ ਬਲਜੀਤ ਸਿੰਘ, ਬਾਬਾ ਮਲਕੀਤ ਸਿੰਘ, ਨੰਬਰਦਾਰ ਅਵਤਾਰ ਸਿੰਘ, ਰਵਿੰਦਰ ਸਿੰਘ ਰੰਮੀ, ਕੁਲਜੀਤ ਸਿੰਘ, ਤਰਸੇਮ ਸਿੰਘ, ਕਿਸਾਨ ਆਗੂ ਅਤੇ ਹੋਰ ਪਿੰਡ ਵਾਸੀ ਮੌਜੂਦ ਸਨ।

# ਸਤੀ ਕਰਤਾਰ ਸੇਵਾ ਸੁਸਾਇਟੀ 6 ਜੁਲਾਈ ਤੋਂ ਬਹਿਰਾਮ ਵਿੱਚ ਨਿਰਸਵਾਰਥ ਟਿਫਿਨ ਸੇਵਾ ਸ਼ੁਰੂ ਕਰੇਗੀ

"Equality and justice" Patiala 29 June
INTERNATIONAL PAPER, 94636 01616
hardipchumber57@gmail.com




ਬੰਗਾ। ਬਹਿਰਾਮ (ਚਰਨਜੀਤ ਸੱਲ੍ਹਾਂ) ਨਵਾਂਸ਼ਹਿਰ ਵਿੱਚ ਨਵੀਂ ਬਣੀ ਸਤੀ ਕਰਤਾਰ ਸੇਵਾ ਸੁਸਾਇਟੀ ਮੁਫ਼ਤ ਨਿਰਸਵਾਰਥ ਟਿਫਿਨ ਸੇਵਾ ਗੁਰੂ ਕੀ ਰਸੋਈ ਬਹਿਰਾਮ ਦੀ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੌਰਾਨ ਇਲਾਕੇ ਦੇ ਲੋੜਵੰਦ ਅਤੇ ਬੇਸਹਾਰਾ ਲੋਕਾਂ ਦੀ ਮਦਦ ਕਰਨ ਦੇ ਉਦੇਸ਼ ਨਾਲ ਬਹਿਰਾਮ ਕਸਬੇ ਵਿੱਚ ਸੁਸਾਇਟੀ ਵੱਲੋਂ ਸ਼ੁਰੂ ਕੀਤੀ ਜਾ ਰਹੀ ਮੁਫ਼ਤ ਟਿਫਿਨ ਸੇਵਾ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਅਤੇ ਜਨਰਲ ਸਕੱਤਰ ਸਤਪਾਲ ਸਿੰਘ ਨੇ ਦੱਸਿਆ ਕਿ ਇਹ ਨਿਰਸਵਾਰਥ ਸੇਵਾ 6 ਜੁਲਾਈ ਐਤਵਾਰ ਨੂੰ ਸਵੇਰੇ 8 ਵਜੇ ਬਹਿਰਾਮ ਕਸਬੇ ਦੇ ਗੁਰਦੁਆਰਾ ਨਾਨਕ ਦਰਬਾਰ (ਨੇੜੇ ਥਾਣਾ ਬਹਿਰਾਮ) ਵਿਖੇ ਸ਼ੁਰੂ ਕੀਤੀ ਜਾਵੇਗੀ, ਜਿਸ ਵਿੱਚ ਬਹਿਰਾਮ ਕਸਬੇ ਦੇ ਪੰਚਾਇਤ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਅਤੇ ਸਮਾਜ ਭਲਾਈ ਸੰਸਥਾਵਾਂ ਦੇ ਨੁਮਾਇੰਦੇ ਵਿਸ਼ੇਸ਼ ਤੌਰ 'ਤੇ ਮੌਜੂਦ ਰਹਿਣਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੰਗਰ ਦੇ ਸਿਧਾਂਤ ਤੋਂ ਪ੍ਰੇਰਿਤ ਹੋ ਕੇ, ਉਨ੍ਹਾਂ ਵੱਲੋਂ ਇੱਕ ਸੁਸਾਇਟੀ ਬਣਾ ਕੇ ਇਹ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ। ਜੋਗਿੰਦਰ ਸਿੰਘ ਨੇ ਦੱਸਿਆ ਕਿ ਮੁਫ਼ਤ ਟਿਫਿਨ ਸੇਵਾ ਵਿੱਚ ਲੋੜਵੰਦ ਅਤੇ ਬੇਸਹਾਰਾ ਲੋਕਾਂ ਨੂੰ ਸਵੇਰੇ ਦੇ ਸਮੇਂ ਦਾ ਖਾਣਾ ਮੁਹੱਈਆ ਕਰਵਾਇਆ ਜਾਵੇਗਾ। ਇਸ ਦੌਰਾਨ ਸੁਸਾਇਟੀ ਦੇ ਜਨਰਲ ਸਕੱਤਰ ਸਤਪਾਲ ਸਿੰਘ ਨੇ ਕਿਹਾ ਕਿ ਸੁਸਾਇਟੀ ਪੌਦੇ ਲਗਾਉਣ ਦੀ ਮੁਹਿੰਮ ਚਲਾ ਕੇ ਵਾਤਾਵਰਣ ਦੀ ਸਵੱਛਤਾ ਵਿੱਚ ਵੀ ਯੋਗਦਾਨ ਪਾਏਗੀ, ਜਦੋਂ ਕਿ ਇਲਾਕੇ ਦੀਆਂ ਲੜਕੀਆਂ ਅਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਸਿਲਾਈ-ਕਢਾਈ ਕੇਂਦਰ ਖੋਲ੍ਹਣ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ। ਮੀਟਿੰਗ ਵਿੱਚ ਸੁਸਾਇਟੀ ਦੇ ਉਪ ਪ੍ਰਧਾਨ ਜਗਦੀਸ਼ ਕੌਰ, ਕੈਸ਼ੀਅਰ ਬਲਵੀਰ ਰਾਮ ਤੋਂ ਇਲਾਵਾ ਸੁਸਾਇਟੀ ਦੇ ਮੈਂਬਰ ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਨਵੀਨ ਚੱਡਾ, ਮਨਜੀਤ ਸਿੰਘ ਭੰਗਲ, ਜਸਵਿੰਦਰ ਸਿੰਘ, ਗੁਰਪਾਲ ਸਿੰਘ ਮੌਜੂਦ ਸਨ।

# ਗਰਮੀ ਦੀ ਛੁੱਟੀਆਂ ਖ਼ਤਮ ਹੋਣ ਤੇ ਮੁੜ ਸਕੂਲ ਖੁੱਲ੍ਹਣ ਨੂੰ ਇੱਕ ਤਿਉਹਾਰ ਵਰਗਾ ਮਨਾਉਣ ਲਈ ਕੀਤੇ ਜਾਣ ਪ੍ਰਬੰਧ-ਡੀਈਓ ਐਲੀਮੈਂਟਰੀ

"Equality and justice" Patiala 29 June
INTERNATIONAL PAPER, 94636 01616
hardipchumber57@gmail.com



ਮੁਹਾਲੀ () ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਮਿਤੀ ਪਹਿਲੀ ਜੁਲਾਈ ਦਿਨ ਮੰਗਲਵਾਰ ਨੂੰ ਸਰਕਾਰੀ ਸਕੂਲ ਮੁੜ ਖੁੱਲ੍ਹ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਡੀਈਓ ਐਲੀਮੈਂਟਰੀ ਦਰਸ਼ਨਜੀਤ ਸਿੰਘ ਨੇ ਦੱਸਿਆ ਕਿ ਗਰਮੀ ਦੀਆਂ ਛੁੱਟੀਆਂ 30 ਜੂਨ ਸਮਾਪਤ ਹੋ ਰਹੀਆਂ ਹਨ ਜਿਸਦੇ ਚੱਲਦਿਆਂ ਸਕੂਲ ਖੁੱਲ੍ਹ ਰਹੇ ਹਨ ਜਿਸ ਦੇ ਸੰਬੰਧ ਵਿੱਚ ਬੱਚਿਆਂ ਨੂੰ ਪਹਿਲੇ ਦਿਨ ਸਕੂਲ ਖੁੱਲ੍ਹਣ ਤੇ ਇੱਕ ਤਿਉਹਾਰ ਵਰਗਾ ਦਿਨ ਮਨਾਉਣ ਦੇ ਇਰਾਦੇ ਨਾਲ ਸਕੂਲਾਂ ਲਈ ਸੱਦਾ ਦਿੱਤਾ ਜਾ ਰਿਹਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡੀਈਓ ਐਲੀਮੈਂਟਰੀ ਪਰਮਿੰਦਰ ਕੌਰ ਨੇ ਦੱਸਿਆ ਕਿ ਬੱਚਿਆਂ ਨੂੰ ਸਕੂਲਾਂ ਦੀ ਹਰ ਤਰ੍ਹਾਂ ਦੀ ਸੁਰੱਖਿਆ ਦੇਣ ਲਈ ਸਕੂਲ ਬਿਲਡਿੰਗ ਦੀ ਅੰਦਰੂਨੀ ਅਤੇ ਬਾਹਰੀ ਹਾਈਜੈਨਿਕ ਸਾਫ਼-ਸਫ਼ਾਈ ਕਰਵਾਉਣ ਲਈ ਕਿਹਾ ਗਿਆ ਹੈ। ਸਕੂਲ ਪ੍ਰਬੰਧਕਾਂ ਵੱਲੋਂ ਸਕੂਲਾਂ ਦੇ ਕਮਰੇ, ਬੈਂਚ,ਫਰਸ਼, ਦੀਵਾਰਾਂ, ਦਰਵਾਜ਼ੇ, ਤਾਕੀਆਂ, ਪਰਦੇ, ਕੰਪਿਊਟਰ ਸਿਸਟਮ ਸਮੇਤ ਹਰ ਤਰ੍ਹਾਂ ਦੀ ਵਿੱਦਿਅਕ ਸਮੱਗਰੀ ਨੂੰ ਸਵੱਛਤਾ ਨਾਲ ਚੰਗੀ ਤਰ੍ਹਾਂ ਸਾਫ਼ ਕਰਵਾਉਣ ਲਈ ਕਿਹਾ ਗਿਆ ਹੈ। ਪੀਣ ਯੋਗ ਪਾਣੀ ਦੀਆਂ ਥਾਵਾਂ, ਪਾਣੀ ਦੀਆਂ ਟੈਂਕੀਆਂ, ਪਖਾਨਿਆਂ ਨੂੰ ਹਾਈਜੈਨਕ ਤਰੀਕੇ ਨਾਲ ਸਾਫ਼ ਕਰਨ ਲਈ ਕਿਹਾ ਗਿਆ ਹੈ। ਵਿਭਾਗ ਵੱਲੋਂ ਛੁੱਟੀਆਂ ਤੋਂ ਬਾਅਦ ਮੁੜ ਸਕੂਲ ਖੁੱਲ੍ਹਣ ਤੇ ਬੱਚਿਆਂ ਦੀ ਪੜ੍ਹਾਈ ਦੇ ਨਾਲ-ਨਾਲ ਸੁਖਾਵਾਂ ਮਾਹੌਲ ਸਿਰਜਣ ਲਈ ਸਕੂਲ ਪ੍ਰਬੰਧਕਾਂ ਨੂੰ ਤਿਆਰੀਆਂ

# ਬਸਪਾ ਦੇ ਸਿਧਾਂਤਾਂ ਨੂੰ ਜਨਤਾ ਤੱਕ ਪਹੁੰਚਾਉਣ ਦਾ ਪ੍ਰਣ ਲਿਆ

"Equality and justice" Patiala 29 June
INTERNATIONAL PAPER, 94636 01616
hardipchumber57@gmail.com



ਰੁੜਕੀ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪੱਧਰੀ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਖੇਤਰ ਦੇ ਵੱਖ-ਵੱਖ ਸਥਾਨਾਂ 'ਤੇ ਸਮੀਖਿਆ ਮੀਟਿੰਗ ਦਾ ਆਯੋਜਨ ਕੀਤਾ। ਮੀਟਿੰਗ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੂਬਾ ਪੱਧਰੀ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਖੇਤਰ ਦੇ ਵੱਖ-ਵੱਖ ਸਥਾਨਾਂ 'ਤੇ ਸਮੀਖਿਆ ਮੀਟਿੰਗ ਦਾ ਆਯੋਜਨ ਕੀਤਾ। ਮੀਟਿੰਗ ਵਿੱਚ ਪਾਰਟੀ ਦੀ ਵਿਚਾਰਧਾਰਾ ਨੂੰ ਜਨਤਾ ਤੱਕ ਪਹੁੰਚਾ ਕੇ ਆਉਣ ਵਾਲੀਆਂ ਚੋਣਾਂ ਲਈ ਪਾਰਟੀ ਨੂੰ ਮਜ਼ਬੂਤ ਕਰਨ 'ਤੇ ਚਰਚਾ ਕੀਤੀ ਗਈ। ਸ਼ੁੱਕਰਵਾਰ ਨੂੰ ਖੇਤਰ ਪਹੁੰਚੇ ਬਸਪਾ ਦੇ ਸੂਬਾ ਪ੍ਰਧਾਨ ਪ੍ਰਦੀਪ ਸੈਣੀ, ਸੂਬਾ ਇੰਚਾਰਜ ਵਿਜੇ ਸਿੰਘ ਅਤੇ ਰਵਿੰਦਰ ਗੌਤਮ ਦਾ ਬਸਪਾ ਜ਼ਿਲ੍ਹਾ ਪ੍ਰਧਾਨ ਅਨਿਲ ਚੌਧਰੀ, ਰੁੜਕੀ ਵਿਧਾਨ ਸਭਾ ਪ੍ਰਧਾਨ ਸੋਨੀ ਕੁਮਾਰ ਅਤੇ ਲੋਕ ਸਭਾ ਇੰਚਾਰਜ ਤੁਲਸੀ ਰਾਮ ਨੇ ਸਵਾਗਤ ਕੀਤਾ। ਇਸ ਤੋਂ ਬਾਅਦ ਰੁੜਕੀ, ਮੰਗਲੌਰ ਅਤੇ ਖਾਨਪੁਰ ਆਦਿ ਵਿਧਾਨ ਸਭਾਵਾਂ ਵਿੱਚ ਸਮੀਖਿਆ ਮੀਟਿੰਗਾਂ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿੱਚ ਬੁਲਾਰਿਆਂ ਨੇ ਪਾਰਟੀ ਦੀਆਂ ਨੀਤੀਆਂ 'ਤੇ ਚਰਚਾ ਕੀਤੀ ਅਤੇ ਸੰਗਠਨ ਦੀ ਮਜ਼ਬੂਤੀ ਅਤੇ ਆਉਣ ਵਾਲੀ ਰਣਨੀਤੀ 'ਤੇ ਵਿਸਥਾਰ ਨਾਲ ਚਰਚਾ ਕੀਤੀ।

# ਨੌਜਵਾਨ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਆਪਣਾ ਭਵਿੱਖ ਬਣਾ ਸਕਦੇ ਹਨ : ਡਾ ਹੀਰਾ ਲਾਲ ਸ਼ਰਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਜੂਨ
INTERNATIONAL PAPER, 94636 01616
hardipchumber57@gmail.com



ਜ਼ੀਰਾ 29 ਜੂਨ ( ਅੰਗਰੇਜ਼ ਬਰਾੜ ) - ਬਾਰਵੀਂ ਪਾਸ ਵਿਦਿਆਰਥੀ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਆਪਣਾ ਭਵਿੱਖ ਸੁਨਹਿਰੀ ਬਣਾਉਣ ਦੇ ਨਾਲ ਹੋਰ ਨੌਜਵਾਨਾਂ ਨੂੰ ਵੀ ਰੁਜ਼ਗਾਰ ਦੇ ਸਕਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਫਿਰੋਜ਼ਪੁਰ ਗਰੁੱਪ ਆਫ ਕਾਲਜ ਫਿਰੋਜ਼ਸ਼ਾਹ ਦੇ ਚੇਅਰਮੈਨ ਡਾ ਹੀਰਾ ਲਾਲ ਸ਼ਰਮਾ ਨੇ ਫਿਰੋਜ਼ਪੁਰ ਵਿਖੇ ਪੱਤਰਕਾਰਾਂ ਕੋਲ ਕੀਤਾ! ਉਹਨਾਂ ਕਿਹਾ ਕਿ ਉਹਨਾਂ ਦੇ ਕਾਲਜ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਦੇਸ਼ ਅਤੇ ਵਿਦੇਸ਼ ਵਿੱਚ ਚੰਗੇ ਅਹੁਦਿਆਂ ਤੇ ਕੰਮ ਕਰ ਰਹੇ ਹਨ ਅਤੇ ਚੰਗੀਆਂ ਤਨਖਾਹਾਂ ਲੈ ਰਹੇ ਹਨ। ਉਨਾਂ ਆਪਣੀ ਗੱਲ ਨੂੰ ਜਾਰੀ ਰੱਖਦਿਆਂ ਕਿਹਾ ਕਿ ਜੇਕਰ ਵਿਦਿਆਰਥੀ ਹੁੰਦਨਮੰਦ ਕਾਮੇ ਬਣ ਜਾਂਦੇ ਹਨ ਤਾਂ ਉਹਨਾਂ ਨੂੰ ਵਿਦੇਸ਼ਾਂ ਵਿੱਚ ਜਾਣ ਦੀ ਵੀ ਜ਼ਰੂਰਤ ਨਹੀਂ ਹੈ, ਕਿਉਂਕਿ ਹੁਣ ਹੁਨਰਮੰਦ ਕਾਮੇ ਦੇਸ਼ ਦੀਆਂ ਨਾਮਵਰ ਮਲਟੀ ਨੈਸ਼ਨਲ ਕੰਪਨੀਆਂ ਵਿੱਚ ਕੰਮ ਕਰਕੇ ਇਕ ਲੱਖ ਰੁਪਏ ਪ੍ਰਤੀ ਮਹੀਨਾ ਵੀ ਕਮਾ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਹੁਨਰਮੰਦ ਕਾਮੇ ਥੋੜੇ ਰੁਪਏ ਲਗਾ ਕੇ ਆਪਣਾ ਚੰਗਾ ਕਾਰੋਬਾਰ ਕਰ ਸਕਦੇ ਹਨ ਅਤੇ ਚੰਗੇ ਰੁਪਏ ਕਮਾ ਸਕਦੇ ਹਨ। ਡਾਕਟਰ ਹੀਰਾ ਲਾਲ ਸ਼ਰਮਾ ਨੇ ਕਿਹਾ ਕਿ ਆਪਣਾ ਕਾਰੋਬਾਰ ਕਰਦੇ ਹੁਨਰਮੰਦ ਕਾਮੇ ਹੋਰਨਾ ਨੌਜਵਾਨਾਂ ਨੂੰ ਵੀ ਰੁਜ਼ਗਾਰ ਦੇ ਰਹੇ ਹਨ। ਡਾਕਟਰ ਸ਼ਰਮਾ ਨੇ ਇਹ ਵੀ ਕਿਹਾ ਕਿ ਬੇਰੁਜ਼ਗਾਰੀ ਦੂਰ ਕਰਨ ਲਈ ਬੁੱਧੀਜੀਵੀ ਵਰਗ ਵੱਲੋਂ ਨੌਜਵਾਨਾਂ ਨੂੰ ਹੁਨਰਮੰਦ ਕਾਮੇ ਬਣਨ ਲਈ ਪ੍ਰੇਰਤ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਡਾਕਟਰ ਹੀਰਾ ਲਾਲ ਸ਼ਰਮਾ ਦੇ ਨਾਲ ਫਿਰੋਜ਼ਪੁਰ ਗਰੁੱਪ ਆਫ ਕਾਲਜ ਫਿਰੋਜ਼ਸ਼ਾਹ ਦੇ ਜਨਰਲ ਸੈਕਟਰੀ ਸ੍ਰੀ ਸ਼ਿਵਮ ਸ਼ਰਮਾ, ਟੀ ਬੀ ਐਸ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮੈਡਮ ਦੀਪਾਲੀ ਸ਼ਰਮਾ, ਪ੍ਰਿੰਸੀਪਲ ਰੇਖਾ ਪਾਸੀ ਆਦਿ ਹਾਜ਼ਰ ਸਨ।

# ਸ਼ਾਇਰ ਅਤੇ ਸਮਾਜ ਸੇਵੀ ਡਾ.ਅੰਗਰੇਜ਼ ਸਿੰਘ ਵਿਰਕ ਨੂੰ ਦਿੱਲੀ ਵਿਖੇ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ

"Equality and justice" Patiala 29 June
INTERNATIONAL PAPER, 94636 01616
hardipchumber57@gmail.com





ਪ ਟਿ ਆ ਲਾ - ਪੰਜਾਬੀ ਸ਼ਾਇਰ ਅਤੇ ਸਮਾਜ ਸੇਵੀ ਅੰਗਰੇਜ਼ ਸਿੰਘ ਵਿਰਕ ਨੂੰ ਮਾਨਵਤਾ ਦੀ ਭਲਾਈ ਲਈ ਕੀਤੇ ਗਏ ਸ਼ਲਾਘਾਯੋਗ ਕੰਮਾਂ ਦੇ ਮੱਦੇਨਜ਼ਰ ਭਾਰਤ ਸਰਕਾਰ ਦੀ ਮਾਨਤਾ ਪ੍ਰਾਪਤ ਸੰਸਥਾ ਵਿਸ਼ਵ ਸੰਸਕ੍ਰਿਤੀ ਅਤੇ ਵਾਤਾਵਰਨ ਸੁਰੱਖਿਆ ਆਯੋਗ,ਦਿੱਲੀ ਵੱਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ ਸਾਹਿਤ ਦੇ ਡਾਕਟਰ ਬਣੇ ਅੰਗਰੇਜ਼ ਸਿੰਘ ਵਿਰਕ ਨੇ ਇਹ ਖੁਸ਼ੀ ਨੂੰ ਸਾਂਝੀ ਕਰਦਿਆਂ ਦੱਸਿਆ ਕਿ ਉਸਨੇ ਹੁਣ ਤੱਕ ਵਾਤਾਵਰਨ ਨੂੰ ਬਚਾਉਣ ਦੇ ਉਪਰਾਲਿਆਂ ਲਈ ਤਤਪਰ ਰਹਿੰਦਿਆਂ ਡੇਢ ਲੱਖ ਤੋਂ ਵਧ ਬੂਟੇ ਲਗਾਏ ਹਨ ,ਜੀਵਨ ਦਾਨ ਖੂਨ ਦਾਨ ਤਹਿਤ ਜ਼ਰੂਰਤਮੰਦਾਂ ਨੂੰ 60 ਵਾਰ ਆਪਣਾ ਖ਼ੂਨਦਾਨ ਕੀਤਾ ਹੈ, 300 ਤੋਂ ਜ਼ਿਆਦਾ ਖ਼ੂਨਦਾਨ ਕੈਂਪ ਲਗਾ ਕੇ 55000 ਯੂਨਿਟ ਖੂਨ ਇਕੱਤਰ ਕਰਕੇ ਬਲੱਡ ਬੈਂਕ ਨੂੰ ਦਿੱਤਾ ਹੈ।ਸੇਵਾ ਨੂੰ ਸਮਰਪਿਤ ਇਸ ਵਿਅਕਤੀ ਨੇ ਕਰੋਨਾ ਕਾਲ ਦੌਰਾਨ ਆਪਣੀ ਸੰਸਥਾ ਹਿਊਮਨ ਰਾਈਟਸ ਮਿਸ਼ਨ ਪ੍ਰੋਡਕਸ਼ਨ ਵੱਲੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਅਤੇ ਸੜਕ ਦੁਰਘਟਨਾਵਾਂ ਦੇ ਜ਼ਖਮੀਆਂ ਨੂੰ ਖੁਦ ਹਸਪਤਾਲ ਪਹੁੰਚਾਇਆ ਹੈ ਅਤੇ ਹੁਣ ਵੀ ਤਿਆਰ ਰਹਿੰਦੇ ਹਨ ।ਉਹਨਾਂ ਦੇ ਮਾਨਵਤਾ ਦੀ ਭਲਾਈ ਲਈ ਪਾਏ ਜਾ ਰਹੇ ਇਹਨਾਂ ਵਡਮੁੱਲੇ ਯੋਗਦਾਨ ਕਰਕੇ ਭਾਰਤ ਸਰਕਾਰ ਦੀ ਮਾਨਤਾ ਪ੍ਰਾਪਤ ਸੰਸਥਾ ਨੇ ਪਿਛਲੇ ਦਿਨੀ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਸ਼ਾਹ ਆਡੀਟੋਰੀਅਮ ਦਿੱਲੀ ਵਿਖੇ ਪ੍ਰਦਾਨ ਕੀਤੀ ਹੈ । ਉਹਨਾਂ ਦੀ ਇਸ ਪ੍ਰਾਪਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪੰਜਾਬੀ ਫਿਲਮ ਅਤੇ ਮਿਊਜ਼ਿਕ ਐਵਾਰਡੀ ਸਤਨਾਮ ਸਿੰਘ ਮੱਟੂ,ਸ਼੍ਰੋਮਣੀ ਬਾਲ ਸਾਹਿਤਕਾਰ ਡਾ.ਦਰਸ਼ਨ ਸਿੰਘ ਆਸ਼ਟ,ਲੋਕ ਗਾਇਕ ਜਨਾਬ ਹਾਕਮ ਬਖਤੜੀਵਾਲਾ,ਡਾ ਹਰਦੀਪ ਸਿੰਘ ਰੰਧਾਵਾ,ਸ਼ਾਇਰ ਦਵਿੰਦਰ ਪਟਿਆਲਵੀ,ਚੁੱਪ ਦੀ ਕਥਾ ਦੇ ਸ਼ਾਇਰ ਨਵਦੀਪ ਸਿੰਘ ਮੁੰਡੀ,ਪਟਿਆਲਾ ਸ਼ਹਿਰ ਦੇ ਲੋਕਾਂ ਨੇ ਮੁਬਾਰਕਾਂ ਦਿੱਤੀਆਂ ਹਨ।

# ਸ਼ਹੀਦ ਉਧਮ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 29 ਜੂਨ
INTERNATIONAL PAPER, 94636 01616
hardipchumber57@gmail.com



ਗੜ੍ਹਸ਼ੰਕਰ (ਬਲਵੀਰ ਚੌਪੜਾ) ਪਿੰਡ ਕਾਲੇਵਾਲ ਬੀਤ ਦੇ ਗੁਰਦੁਆਰਾ ਸਿੰਘ ਸਭਾ ਨਜ਼ਦੀਕ ਸ਼ਹੀਦ ਉਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਸਵੈ ਇੱਛਕ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਚ ਖੂਨਦਾਨੀਆਂ ਨੇ ਖੂਨ ਦਾਨ ਕੀਤਾ। ਕਾਲੇਵਾਲ ਦੇ ਸਮੂਹ ਵਸੀਆਂ ਵਲੋਂ ਬੀਡੀਸੀ ਬਲੱਡ ਸੈਂਟਰ ਨਵਾਂਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਲਗਾਏ ਇਸ ਕੈਂਪ ਦਾ ਉਦਘਾਟਨ ਬੀਤ ਭਲਾਈ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਉਘੇ ਸਮਾਜ ਸੇਵੀ ਸੰਦੀਪ ਰਾਣਾ ਸੈਨੂੰ ਨੇ ਕੀਤਾ। ਇਸ ਮੌਕੇ ਉਨ੍ਹਾਂ ਨੇ ਸਮੂਹ ਨੌਜਵਾਨਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਵਲੋਂ ਦਿੱਤਾ ਗਏ ਖੂਨ ਦਾ ਇੱਕ ਇੱਕ ਕਤਰਾ ਕਿਸੇ ਲੋੜਵੰਦ ਦੀ ਜ਼ਿੰਦਗੀ ਚ ਜਾਨ ਪਾ ਸਕਦਾ ਹੈ। ਇਸ ਲਈ ਸਾਨੂੰ ਖੂਨਦਾਨ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਕੈਂਪ ਚ 75 ਯੂਨਿਟ ਖੂਨਦਾਨ ਇੱਕਤਰ ਹੋਇਆ। ਇਸ ਕੈਂਪ ਚ ਡਾ ਜਸਵੀਰ ਸਿੰਘ, ਮੈਟੀਵੇਟਰ ਭੁਪਿੰਦਰ ਰਾਣਾ, ਅਸ਼ੋਕ ਰਾਣਾ, ਪਰਮਜੀਤ ਸਿੰਘ ਦਿਆਲ, ਗੁਰਮੁੱਖ ਸਿੰਘ, ਮਨਜਿੰਦਰ ਮੀਨਾ, ਰਮਨਦੀਪ ਰਮੀ, ਅਜੇ, ਮੋਹਿਤ, ਸੌਰਵ, ਮਨੋਜ, ਰਿਸ਼ੀ, ਮਨੋਹਰ ਰਾਣਾ, ਦੀਪਕ, ਰਾਜੀਵ ਭਾਰਦਵਾਜ ਤੋਂ ਇਲਾਵਾ ਵੱਡੀ ਗਿਣਤੀ ਚ ਖੂਨਦਾਨੀ ਹਾਜ਼ਰ ਸਨ।

# *ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੁਢਲਾਡਾ ਦੀ ਅਨਾਜ ਮੰਡੀ ਦੇ ਐਲਾਨ ਤੋਂ ਆੜ੍ਹਤੀਏ ਬਾਗ਼ੋਂ ਬਾਗ ,,,

## *ਮੁੱਖ ਮੰਤਰੀ ਨੂੰ ਚੰਡੀਗੜ੍ਹ ਵਿਖੇ ਮਿਲ ਕੇ ਖੁਸ਼ੀ ਦਾ ਕੀਤਾ ਇਜ਼ਹਾਰ

"Equality and justice"
Patiala 29 June
INTERNATIONAL PAPER, 94636 01616
hardipchumber57@gmail.com

ਬੁਢਲਾਡਾ/ਮਾਨਸਾ, 29ਜੂਨ: (ਆਤਮਾ ਸਿੰਘ ਪਮਾਰ)

ਬੁਢਲਾਡਾ ਵਿੱਚ ਆਪਣੀ ਆਮ ਫੇਰੀ ਦੌਰਾਨ ਮੁੱਖ ਮੰਤਰੀ ਪੰਜਾਬ ਸ਼੍ਰ ਭਗਵੰਤ ਸਿੰਘ ਮਾਨ ਨੇ ਬੁਢਲਾਡਾ ਸ਼ਹਿਰ ਵਿੱਚ ਨਵੀਂ ਅਨਾਜ ਮੰਡੀ ਬਣਾਉਣ ਦਾ ਵਾਅਦਾ ਕੀਤਾ ਸੀ। ਇਸ ਦੇ ਮੱਦੇਨਜ਼ਰ ਮੁੱਖ ਮੰਤਰੀ ਵੱਲੋਂ ਆਪਣਾ ਵਾਅਦਾ ਪੂਰਾ ਕਰਦਿਆਂ ਬੁਢਲਾਡਾ ਵਿੱਚ ਨਵੀਂ ਅਨਾਜ ਮੰਡੀ ਬਣਾਉਣ ਲਈ ਲੋੜੀਂਦੀ ਰਾਸ਼ੀ ਜਾਰੀ ਕਰਕੇ ਨਵੀਂ ਅਨਾਜ ਮੰਡੀ ਦੀ ਰਜਿਸਟਰੀ ਬੁਢਲਾਡਾ ਮੰਡੀ ਦੇ ਨਾਮ ਕਰਵਾ ਦਿੱਤੀ ਹੈ ਅਤੇ ਜਲਦ ਹੀ ਇਸ ਦਾ



ਨੋਟੀਫਿਕੇਸ਼ਨ ਵੀ ਜਾਰੀ ਹੋ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਦੱਸਿਆ ਕਿ ਅੱਜ ਬੁਢਲਾਡਾ ਦੇ ਵਿੱਚ ਆਪਣੀ ਖੁਸ਼ੀ ਸਾਂਝੀ ਕਰਦੇ ਹੋਏ ਆੜ੍ਹਤੀਆ ਵਰਗ ਦੇ ਨੁਮਾਇੰਦੇ ਉਨ੍ਹਾਂ ਨਾਲ ਮੁੱਖ ਮੰਤਰੀ ਨੂੰ ਵਧਾਈ ਦੇਣ ਲਈ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਚੰਡੀਗੜ੍ਹ ਗਏ ਅਤੇ ਆਪਣਾ ਵਾਅਦਾ ਪੂਰਾ ਕਰਨ ਲਈ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਅਤੇ ਸਨਮਾਨ ਵੀ ਕੀਤਾ।

ਇਸ ਸਮੇਂ ਮੁੱਖ ਮੰਤਰੀ ਮਾਨ ਨੇ ਵਿਸ਼ਵਾਸ ਦਵਾਇਆ ਕਿ ਇਸ ਕੰਮ ਲਈ ਫੰਡਾਂ ਦੀ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਨਿਯਮਤ ਸਮੇਂ ਵਿੱਚ ਅਨਾਜ ਮੰਡੀ ਦਾ ਕੰਮ ਸੰਪੂਰਨ ਕਰਕੇ ਆੜ੍ਹਤੀਆਂ ਅਤੇ ਬੁਢਲਾਡਾ ਹਲਕੇ ਦੇ ਲੋਕਾਂ ਦੇ ਸਪੁਰਦ ਕਰ ਦਿੱਤੀ ਜਾਵੇਗੀ।

ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਦੇ ਲਈ ਵਿਧਾਇਕ ਸਮੇਤ ਚੇਅਰਮੈਨ ਮਾਰਕੀਟ ਕਮੇਟੀ ਬੁਢਲਾਡਾ ਸ੍ਰੀ ਸਤੀਸ਼ ਸਿੰਗਲਾ, ਗਿਆਨ ਚੰਦ, ਪਰਵੀਨ ਕੁਮਾਰ, ਵਿਸ਼ਾਲ ਰਿਸ਼ੀ ਭੋਲਾ ਰਾਮ ਪਟਵਾਰੀ, ਜਤਿੰਦਰ ਜੀਤੂ ਵਿਸ਼ਾਲ ਰਿਸ਼ੀ, ਸੁਨੀਲ ਕੁਮਾਰ ਸ਼ੀਲਾ, ਅਨਿਲ ਕੁਮਾਰ ਹਾਜ਼ਰ ਸਨ।

ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਇਸ ਸਮੇਂ ਖੁਸ਼ੀ ਦੀ ਗੱਲ ਇਹ ਹੋਈ ਕਿ ਬੁਢਲਾਡਾ ਦੇ ਵਪਾਰੀਆਂ ਨਾਲ ਵਿਸ਼ੇਸ਼ ਮੋਹ ਜਤਾਉਂਦੇ ਹੋਏ ਮੁੱਖ ਮੰਤਰੀ ਨੇ ਆਪਣੇ ਸਮੇਂ ਦੀ ਪਰਵਾਹ ਨਾ ਕਰਦਿਆਂ 40 ਮਿੰਟ ਦਾ ਸਮਾਂ ਦਿੱਤਾ ਅਤੇ ਹਰ ਪ੍ਰਕਾਰ ਦਾ ਮੁੱਦਾ ਸਾਂਝਾ ਕੀਤਾ, ਜਿਸ ਨਾਲ ਆੜ੍ਹਤੀਆ ਵਰਗ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

# ਝੋਨੇ ਦੀ ਬਿਜਾਈ ਲਈ ਖੇਤ ਤਿਆਰ ਕਰਦੇ ਸਮੇਂ ਟਰੈਕਟਰ ਪਲਟ ਗਿਆ, ਡਰਾਈਵਰ ਗੰਭੀਰ ਜ਼ਖਮੀ

## *ਦੋ ਘੰਟੇ ਟਰੈਕਟਰ ਹੇਠਾਂ ਫਸਿਆ ਰਿਹਾ*ਜੇਸੀਬੀ ਨਾਲ ਬਾਹਰ ਕੱਢਿਆ*

"Equality and justice"
Patiala 29 June
INTERNATIONAL PAPER, 94636 01616
hardipchumber57@gmail.com

ਫਿਲੌਰ/ਅੱਪਰਾ (ਦੀਪਾ) ਨੇੜਲੇ ਪਿੰਡ ਛੋਕਰਾਂ ਵਿੱਚ, ਝੋਨੇ ਦੀ ਬਿਜਾਈ ਲਈ ਟਰੈਕਟਰ ਨਾਲ ਖੇਤ ਤਿਆਰ ਕਰਦੇ ਸਮੇਂ ਟਰੈਕਟਰ ਅਚਾਨਕ ਪਲਟ ਗਿਆ। ਜਿਸ ਕਾਰਨ ਡਰਾਈਵਰ ਹੇਠਾਂ ਡਿੱਗ ਪਿਆ। ਦੋ ਘੰਟਿਆਂ ਬਾਅਦ, ਉਸਨੂੰ ਜੇਸੀਬੀ ਦੀ ਮਦਦ ਨਾਲ ਹੇਠਾਂ ਤੋਂ ਬਾਹਰ ਕੱਢਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ, ਨੇੜਲੇ ਪਿੰਡ ਛੋਕਰਾਂ ਵਿੱਚ ਮੰਡੀ ਗੇਟ ਦੇ ਨੇੜੇ ਇੱਕ ਨੌਜਵਾਨ ਹਰਜਿੰਦਰ ਸਿੰਘ ਪੁੱਤਰ ਮੀਤ ਰਾਮ ਵਾਸੀ ਪਿੰਡ ਛੋਕਰਾਂ ਝੋਨਾ ਬੀਜਣ ਲਈ ਟਰੈਕਟਰ ਦੇ ਨਾਲ ਖੇਤ ਤਿਆਰ ਕਰ ਰਿਹਾ ਸੀ। ਇਸ ਦੌਰਾਨ ਅਚਾਨਕ ਟਰੈਕਟਰ ਪਲਟ ਗਿਆ ਅਤੇ ਹਰਜਿੰਦਰ ਸਿੰਘ ਉਰਫ਼ ਜਿੰਦਰ ਹੇਠਾਂ ਡਿੱਗ ਪਿਆ। ਉਹ ਦੋ ਘੰਟੇ ਹੇਠਾਂ ਫਸਿਆ ਰਿਹਾ। ਅੰਤ ਵਿੱਚ, ਪਿੰਡ ਵਾਸੀਆਂ ਅਤੇ ਰਾਹਗੀਰਾਂ ਨੇ ਜੇਸੀਬੀ ਬੁਲਾਇਆ ਅਤੇ ਟਰੈਕਟਰ ਨੂੰ ਸਿੱਧਾ ਕਰਕੇ ਉਸਨੂੰ ਹੇਠਾਂ ਤੋਂ ਬਾਹਰ ਕੱਢਿਆ। ਉਸਨੂੰ



ਇਲਾਜ ਲਈ ਸ੍ਰੀ ਨੰਭ ਕੰਵਲ ਰਾਜਾ ਸਾਹਿਬ ਚੈਰੀਟੇਬਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਸਦੀ ਹਾਲਤ ਬਿਹਤਰ ਦੱਸੀ ਜਾ ਰਹੀ ਹੈ।

# ਪੰਜਾਬ ਦੀ ਸਭ ਤੋਂ ਛੋਟੀ ਉਮਰ ਦੀ ਲੇਖਿਕਾ ਅਗਮ ਪ੍ਰੀਤ ਕੌਰ ਦੀ ਪਹਿਲੀ ਕਿਤਾਬ "ਦੁਸ਼ਮਣਾਂ ਅਤੇ ਦੋਸਤਾ ਤੋ ਵੱਧ "ਲਾਂਚ ਕੀਤੀ ਗਈ

"Equality and justice"
Patiala 29 June
INTERNATIONAL PAPER, 94636 01616
hardipchumber57@gmail.com

